# ਭਰ ਵਹਿੰਦਾ ਦਰਿਆ

(ਬੀਬਾ ਬਲੰਵਤ ਦੀ ਚੋਣਵੀਂ ਸ਼ਾਇਰੀ)

**ਇਸੇ ਕਲਮ ਤੋਂ :**

- *ਸਕੂਲ ਆਫ਼ ਏਥਨਜ਼*
- *ਮਾਰਕਸ, ਏਂਗਲਜ ਅਤੇ ਜੈਨੀ ਦੀ ਦੋਸਤੀ*
- *ਬਰਤਾਨੀਆ ਦਾ ਸਫ਼ਰ*
- *ਦੁਪਹਿਰ ਖਿੜੀ*

# ਭਰ ਵਹਿੰਦਾ ਦਰਿਆ

## (ਬੀਬਾ ਬਲੰਵਤ ਦੀ ਚੋਣਵੀਂ ਸ਼ਾਇਰੀ)

*ਸੰਪਾਦਕ :*

**ਡਾ. ਨਵਰੂਪ**

**ਰਵੀ ਸਾਹਿਤ ਪ੍ਰਕਾਸ਼ਨ**
ਅੰਮ੍ਰਿਤਸਰ - 143 002

# BHAR VEHNDA DARYA

(Beeba Balwant Di Chonvi Shire)

*Edited by*

DR. NAVROOP
HEAD PUNJABI DEPARTMENT,
HANS RAJ MAHILA MAHA VIDYALAYA,
JALANDHAR.

Copyright © Dr. Navroop

*All rights reserved.*

*No part of this publication may be reproduced or transmitted in any form or by any means, electronic or mechanical, including photocopying, recording or any information storage and retrieval system, without permission in writing from the writer and the publishers.*

ISBN

First Edition : 2024

*Printed and Bound in India*

*Published in India by :*

**Ravi Sahit Parkashan**

Shop No.: 11, G.N.D.U. Shopping Complex,
P.O. Khalsa College, G.T. Road, AMRITSAR - 143 002
E-mail : ravisahitparkashan@yahoo.co.in


*Printed in India by :*

DK Fine Art Press, Delhi.

## ਸਮਰਪਣ

**ਡਾ. ਟੀ. ਆਰ. ਸ਼ਿੰਗਾਰੀ**

ਜਿਨ੍ਹਾਂ ਨੇ ਮੈਨੂੰ ਪੰਜਾਬੀ ਸਾਹਿਤ ਦੇ
ਲੜ ਲਾਇਆ।



**ਬੀਬਾ ਬਲਵੰਤ**

ਨਾ ਕਿਸੇ ਤੋਂ
ਅੱਗੇ ਹਾਂ
ਨਾ ਪਿੱਛੇ
...ਬਸ ਤੁਰ ਰਿਹਾਂ...

- ਜਨਮ : 30 ਜੁਲਾਈ, 1945, ਪਿੰਡ ਰੁੜਕਾ, ਜ਼ਿਲ੍ਹਾ ਹੁਸ਼ਿਆਰਪੁਰ।

**ਸਨਮਾਨ :**

- ਚੀਫ਼ ਕਮਿਸ਼ਨਰ ਡਾ. ਐੱਮ.ਐੱਸ. ਰੰਧਾਵਾ ਵੱਲੋਂ ਪ੍ਰਸੰਸਾਰ ਪੱਤਰ (1968)
- ਭਾਰਤ ਸਰਕਾਰ ਸਿਹਤ ਮੰਤਰਾਵਾ ਵੱਲੋਂ ਨੈਸ਼ਨਲ ਅਵਾਰਡ (1982)
- ਸਰਵੋਤਮ ਅਭਿਨੇਤਾ ਇਨਾਮ (1965); ਸਰਵੋਤਮ ਨਿਰਦੇਸ਼ਕ ਫ਼ਿਲਮ (1966)
- ਪੰਜਾਬ ਸਰਕਾਰ ਵੱਲੋਂ (1995 ਅਤੇ 2000 ਵਿਚ) ਸਨਮਾਨ ਕਲਾ ਅਤੇ ਸਾਹਿਤ ਲਈ
- ਅੰਮ੍ਰਿਤਾ ਇਮਰੋਜ਼ ਐਵਾਰਡ (2018)
- ਅੰਤਰ-ਰਾਸ਼ਟਰੀ ਕਾਨਫ਼ਰੰਸਾਂ ਵਿਚ ਵਿਸ਼ੇਸ਼ ਮਹਿਮਾਨ ਵਜੋਂ ਸਮੂਲੀਅਤ

# ਤਤਕਰਾ

*ਬੀਬਾ ਬਲਵੰਤ ਦੀ 'ਕਾਵਿ ਸੰਵੇਦਨਾ'/'ਕਾਵਿ ਧੁਨੀ'* 11

**—ਕਵਿਤਾ—**

1. ਕਥਾ ਸਰਾਪੇ ਬਿਰਖ਼ ਦੀ 19
2. ਆਮਦ ਤੇਰੀ 22
3. ਰਿਸ਼ਤਾ-ਦਰ-ਰਿਸ਼ਤਾ 24
4. ਤਿੰਨ ਕੰਢਿਆਂ ਵਾਲਾ ਦਰਿਆ 26
5. ਗ਼ੈਰ-ਮੁਆਫ਼ਿਕ ਬੰਦਾ 28
6. ਤੁਹਾਡੇ ਬਿਨਾਂ 30
7. ਉਹ ਮੇਰੇ ਅੰਦਰ 32
8. ਗੁਫ਼ਤਗੂ 33
9. ਉਡੀਕ 34
10. ਦੁਬਿਧਾ 35
11. ਨੀਵੇਂ ਥਾਂ 'ਤੇ ਖਲੋਤਾ 36
12. ਗੱਡੀ ਚੜ੍ਹਨ ਦੀ ਕਾਹਲ 'ਚ 37
13. ਸਾਊ ਕੁੜੀਆਂ 38
14. ਕਵਿਤਾ 41
15. ਉਸ ਦੀ ਦੇਹੀ 42
16. ਤੈਨੂੰ ਏਨਾ 43
17. ਜਦੋਂ ਸਮੁੰਦਰ ਨੂੰ 44
18. ਬੋਲਿਆ ਤੇਰਾ ਇਕ ਪਲ ਵਿਚ 45
19. ਉਹਨਾਂ ਰਾਹਾਂ 'ਤੇ 46
20. ਉਹ ਮੇਰੇ 'ਤੇ 47
21. ਤਲਾਸ਼ 48

## —ਨਜ਼ਮ—


1. ਪੂਰਾ ਸੂਰਜ 50
2. ਕਿਤੇ ਨਹੀਂ ਜਾਂਦਾ 51
3. ਸਮੇਂ ਦਾ ਖੂਹ ਦਿਨ ਰਾਤ ਗਿੜਦਾ 52
4. ਰਿਸ਼ਤੇ 53
5. ਸਹਿਜ ਹੋ ਜਾ 55
6. ਫ਼ਰੇਬੀ ਖ਼ਤ 56
7. ਤੇਰੇ ਨਾਲ 58
8. ਦਰਦ ਤੇ ਆਨੰਦ 59
9. ਬਸ ਏਹੀ ਠੀਕ ਨੇ 61
10. ਉਤਸਵ 63
11. ਫੇਰ ਅਜਨਬੀ 65
12. ਮਿਲਣ ਤੋਂ ਪਹਿਲਾਂ 66
13. ਉਦਾਸ ਹੈ ਬੁੱਤ-ਘਾੜਾ 67
14. ਮੁਹੱਬਤ ਦੀ ਭਾਲ ਵਿਚ 68
15. ਅੰਦਰਲੀ ਅਦਾਲਤ 69
16. ਲਾਡੋ ਪੁੱਤਰੀ ਲਈ - 1 71
17. ਮੁਹੱਬਤ - 2 73
18. ਮੈਂ ਵੀ ਲਿਖਾਂਗੀ... 74
19. ਸਵੈ-ਪੜਚੋਲ - ਨੋ ਹਿਪੋਕਰੇਸੀ 76
20. ਧਰਮ ਯੁੱਧ 78
21. ਗੱਲ ਤਾਂ ਐਨੀ ਹੈ 80


## —ਗੀਤ—


1. ਇਕ ਤਾਰਾ ਵਜਦਾ ਵੇ ਰਾਂਝਣਾ ਨੂਰ ਮਹਿਲ ਦੀ ਮੋਰੀ 82
2. ਜਿਵੇਂ ਹੁੰਦੀ ਫੁੱਲਾਂ ਵਿਚ ਲੁਕੀ ਖ਼ੁਸ਼ਬੂ ਚੰਨਾ! 84
3. ਸਾਥੋਂ ਮੁੜਿਆ ਨਈਂ ਜਾਣਾ ਭਾਵੇਂ ਲੱਖ ਤੂੰ ਬੁਲਾਵੀ 86
4. ਮੈਨੂੰ ਖੇੜਿਆਂ ਦੇ ਨਾਲ ਨਾ ਤੂੰ ਤੋਰ ਬਾਬਲਾ। 88
5. ਪਈ ਹਉਕੇ ਭਰਦੀ ਵੇ ਰਾਂਝਣਾ ਨੂਰ ਮਹਿਲ ਦੀ ਮੋਰੀ। 90

## —ਗ਼ਜ਼ਲ—


1. ਤੇਰਾ ਇਕ-ਇਕ ਨਕਸ਼ ਉਭਰ ਕੇ ਆਇਆ ਹੈ। 92
2. ਆਪਣੀ ਸੋਚ ਦੇ ਹੱਥੋਂ ਬੰਦਾ ਮਰਦਾ ਹੈ 93
3. ਵਰ੍ਹਿਆਂ ਤੋਂ ਅਸੀਂ ਕਾਲਖ਼ ਦੀ ਇਕ ਜੂਨ ਹੰਢਾਈ 94
4. ਸਿਰ 'ਤੇ ਸੂਰਜ ਨੰਗੇ ਪੈਰ 95
5. ਤੇਰੇ ਮੇਰੇ ਘਰ ਦੇ ਵਿਚ ਜੋ ਫ਼ਾਸਲਾ 96
6. ਬੰਦਾ ਤਾਂ ਅੱਜ ਆਪਣੀਆਂ ਨਜ਼ਰਾਂ 'ਚ ਚੋਰ ਹੈ 97
7. ਤੇਰੀ ਯਾਦ ਬਿਨਾਂ ਤਾਂ ਮਰੀਏ 98
8. ਜੁਗਾਂ-ਜੁਗਾਂ ਤੋਂ ਵਿਗੜੀਆਂ ਆਵਣ ਇਸ਼ਕ ਦੀਆਂ ਤਕਦੀਰਾਂ 99
9. ਆਖ਼ਰ ਜਾ ਕੇ ਉਹ ਆਪੇ ਤੋਂ ਹਾਰਦੀਆਂ 100
10. ਯਾਦ ਤੇਰੀ ਦੋਸਤਾ ਜ਼ਾਲਮ ਬੜੀ 101
11. ਭੇਤ ਭਰੀ ਇਸ ਚੁੱਪ ਦੀ ਕਿੱਦਾਂ ਪਾਈਏ ਥਾਹ 102
12. ਤੇਰੇ ਨਾਲ ਗੁਜ਼ਾਰੇ ਨੇ ਜੋ ਅੰਬਰ ਦੇ ਉਹ ਤਾਰੇ ਦਿਨ 103
13. ਚੁੱਪ-ਚੁੱਪ ਕਰਕੇ ਹੌਲੀ-ਹੌਲੀ ਮੌਸਮ ਗੁਜ਼ਰ ਗਿਆ 104
14. ਟੁਕੜਾ-ਟੁਕੜਾ ਹੋ ਕੇ ਤੂੰ ਕੁਰਲਾਏਂਗਾ 105
15. ਨਾ ਪਰਦੇਸੀ, ਨਾ ਪੰਛੀ, ਨਾ ਜੋਗੀ ਦਾ ਇਕਰਾਰ 106
16. ਕਬਰ ਦਾ ਨੇਰਾ, ਡੂੰਘੀ ਚੁੱਪ, ਨਾ ਸੀ ਕੋਈ ਕਨਸੋਅ 107
17. ਦਿਲ ਨੂੰ ਗੱਲ ਸਮਝਾਈ ਮੇਲਾ ਦੋ ਦਿਨ ਦਾ 108
18. ਸਮੇਂ-ਸਮੇਂ ਦੀਆਂ ਗੱਲਾਂ ਯਾਰਾਂ ਸਮੇਂ-ਸਮੇਂ ਦੇ ਬੋਲ 110
19. ਜੋ ਕੁਝ ਵੀ ਹਾਂ ਇਸ ਨੂੰ ਜਾ ਕੇ ਕਿਥੇ ਦੱਸ ਦਿਖਾਵਾਂ 111
20. ਸਭ ਕੁਝ ਤੁਹਾਡੇ ਕੋਲ ਹੈ ਮਰਜ਼ੀ ਜੋ ਚੁਣ ਲਵੋ 112
21. ਜਿਹੜਾ ਬੰਦਾ ਖ਼ੁਸ਼ ਹੋ ਜਾਵੇ ਆਪਣੀ ਬਾਜ਼ੀ ਹਾਰ 113
22. ਰੱਖਿਉ ਉਨ੍ਹਾਂ ਨੂੰ ਵੀ ਤੁਸੀਂ ਬੀਬਾ ਸੰਭਾਲ ਕੇ 114
23. ਉਮਰ ਦੀ ਟਹਿਣੀ, ਆਸ ਦਾ ਪੰਛੀ ਚਾਹਤ ਦਾ ਇਕ ਗੀਤ ਚਲੇ 115
24. ਸਵੇਰੇ ਫੇਰ ਆਵਾਂਗਾ, ਸੀ ਧਰਤੀ ਨੂੰ ਕਿਹਾ ਸੂਰਜ 116
25. ਸੁੱਖ ਦੇ ਸੌ-ਸੌ ਰੰਗ ਨੇ ਹੁੰਦੇ ਦੁੱਖ ਦਾ ਇੱਕੋ ਰੰਗ ਓ ਬੀਬਾ 117
26. ਮੈਂ ਖ਼ਾਲੀ ਅੰਬਰ ਘੂਰਿਆ ਤੇ ਆਪਣੇ ਆਪ 'ਚ ਝੂਰਿਆ 118
27. ਸੰਤਾਪੇ ਜਿਹੇ ਮੌਸਮ ਤੋਂ ਕੁਝ ਦੇਰ ਲਈ ਇਹ ਮੰਗੀਏ 119

28. ਨਾ ਹਿੰਮਤ ਹਾਰ ਬਹਿਣਾ ਤੰਦ ਆਸਾਂ ਦੀ ਬਚਾ ਰੱਖਿਓ 120
29. ਤੇਰਾ ਨਾਂ ਲਿਖਣਾ ਮੈਂ ਜਦ ਵੀ ਸ਼ੁਰੂ ਕਰਾਂ 121
30. ਮੈਂ ਗਲ਼ ਵਿਚ ਗਾਨੀਆਂ ਪਾ ਕੇ ਅਜੇ ਉਸ ਨੂੰ ਸਜਾਉਣਾ ਸੀ 122
31. ਜੇ ਕੁਝ ਹੋਰ ਸਮਾਂ ਉਹ ਮੇਰੇ ਕੋਲ ਰਿਹਾ 123
32. ਤੂੰ ਨਾ ਆਵੇਂ ਰੁਕਦੀ ਜਾਪੇ ਇਸ ਦਿਲ ਦੀ ਧੜਕਣ 124
33. ਬੇਸ਼ਕ ਲੰਮੇ ਕਾਲੇ ਹੋ ਗਏ, ਉਮਰਾਂ ਦੇ ਪਰਛਾਵੇਂ 125
34. ਕੌਣ ਮਾਣਦੈ ਭਲਾ, ਨਪੱਤਰੇ ਰੁੱਖ ਦੀ ਛਾਵਾਂ ਨੂੰ 127
35. ਕੰਮਕਾਰ ਤੋਂ ਹੋ ਕੇ ਵਿਹਲੇ ਫੇਸ-ਬੁੱਕ ਨੂੰ ਖੋਲ੍ਹਾਂਗੇ 129
36. ਅਜਬ ਹਾਦਸੇ ਹੋਏ ਬੀਬਾ 130
37. ਟੱਪੇ 131

## ਬੀਬਾ ਬਲਵੰਤ ਦੀ 'ਕਾਵਿ ਸੰਵੇਦਨਾ'/'ਕਾਵਿ ਧੁਨੀ'

**ਅਨੰਦ ਭਇਆ** ਬੀਬਾ ਬਲਵੰਤ ਦਾ ਹੁਣ ਤਕ ਦੀ ਕਾਵਿ ਸੰਵੇਦਨਾ ਦੀ ਪੇਸ਼ਕਾਰੀ ਕਰਦਾ ਸੰਪੂਰਨ ਕਾਵਿ-ਸੰਗ੍ਰਹਿ ਹੈ, ਜੋ 2020 ਵਿਚ ਰਵੀ ਸਾਹਿਤ ਪ੍ਰਕਾਸ਼ਨ ਵੱਲੋਂ ਪਾਠਕਾਂ ਦੇ ਰੂ-ਬ-ਰੂ ਕੀਤਾ ਗਿਆ। ਇਹ ਪੁਸਤਕ ਜਿਸ ਵੇਲੇ ਮੈਨੂੰ ਪ੍ਰਾਪਤ ਹੋਈ ਤਾਂ ਇਸ ਨੂੰ ਪੜ੍ਹਨ ਦੀ ਉਤਸੁਕਤਾ ਜਾਗੀ। ਇਸੇ ਉਤਸੁਕਤਾ ਵਸ ਮੈਂ ਇਸ ਕਾਵਿ-ਸੰਗ੍ਰਹਿ ਵਿਚ ਬੀਬਾ ਬਲਵੰਤ ਦੀ ਕਾਵਿ ਧੁਨੀ ਨੂੰ ਪੜ੍ਹਿਆ ਅਤੇ ਮਹਿਸੂਸ ਵੀ ਕੀਤਾ। 1980 ਵਿਚ ਬੀਬਾ ਬਲਵੰਤ ਦਾ ਪਹਿਲਾ ਕਾਵਿ-ਸੰਗ੍ਰਹਿ ਛਪਿਆ, ਜਿਸ ਦਾ ਸਿਰਲੇਖ ਸੀ **ਤੇਰੀਆਂ ਗੱਲਾਂ ਤੇਰੇ ਨਾਂ**। ਇਸ ਉਪਰੰਤ **ਫੁੱਲਾਂ ਦੇ ਰੰਗ ਕਾਲੇ**, **ਤੀਜੇ ਪਹਿਰ ਦੀ ਧੁੱਪ**, **ਕਥਾ ਸਰਾਪੇ ਬਿਰਖ਼ ਦੀ**, **ਅੱਥਰੂ ਗੁਲਾਬ ਹੋਏ**, **ਮਨ ਨਾਹੀਂ ਦਸ ਬੀਸ**, **ਪੰਛੀ ਫਿਰ ਨਾ ਪਰਤਿਆ**, **ਮਨ ਨਾਹੀਂ ਬਿਸਰਾਮ**, **ਅਨੰਦ ਭਇਆ** ਕਾਵਿ-ਸੰਗ੍ਰਹਿ ਪੰਜਾਬੀ ਸਾਹਿਤ ਦੀ ਝੋਲੀ ਪੈ ਚੁੱਕੇ ਹਨ। ਬੀਬਾ ਕਵੀ ਹੋਣ ਦੇ ਨਾਲ ਨਾਲ ਇਕ ਬਹੁਤ ਵਧੀਆ ਅਦਾਕਾਰ ਤੇ ਚਿੱਤਰਕਾਰ ਵੀ ਹੈ। ਬੀਬਾ ਬਲਵੰਤ ਦਾ ਜੱਦੀ ਸ਼ਹਿਰ ਜਗਰਾਉਂ ਹੈ। ਹੁਣ ਬੀਬਾ ਬਲਵੰਤ ਦੀ ਰਿਹਾਇਸ਼ 108, ਕਰਮ ਭੂਮੀ, ਗੁਰਦਾਸਪੁਰ ਹੈ। ਬੀਬਾ ਬਲਵੰਤ ਦੀ ਬਹੁਪੱਖੀ ਸ਼ਖ਼ਸੀਅਤ ਨੂੰ ਬਹੁਤ ਸਾਰੀਆਂ ਸਨਮਾਨਿਤ ਸੰਸਥਾਵਾਂ, ਲੋਕ ਸਭਾਵਾਂ ਨੇ ਸਮੇਂ ਸਮੇਂ 'ਤੇ ਬਹੁਤ ਸਾਰੇ ਇਨਾਮਾਂ-ਸਨਮਾਨਾਂ ਨਾਲ ਨਿਵਾਜਿਆ ਹੈ। ਬੀਬਾ ਬਲਵੰਤ ਨੂੰ ਸਾਹਿਤ ਸੇਵਾਵਾਂ ਲਈ **ਪੰਜਾਬ ਸਰਕਾਰ** ਵੱਲੋਂ 1995 ਅਤੇ 2000 ਵਿਚ ਸਨਮਾਨਿਤ ਕੀਤਾ ਗਿਆ ਹੈ। ਪੰਜਾਬੀ ਸ਼ਾਇਰੀ ਅਤੇ ਖ਼ਾਸ ਕਰ ਗ਼ਜ਼ਲ ਲਈ ਬੀਬਾ ਬਲਵੰਤ ਦੀ ਸ਼ਾਇਰੀ ਦੇ ਸਨਮਾਨਾਂ ਦਾ ਵੇਰਵਾ ਲਗਭਗ ਇਕ ਦਰਜਨ ਤੋਂ ਵੀ ਵੱਧ ਹੈ। ਬੀਬਾ ਬਲਵੰਤ ਇਕ ਅਜਿਹਾ ਸ਼ਾਇਰ ਹੈ, ਜਿਸ ਨੂੰ ਚੜ੍ਹਦੇ ਤੇ ਲਹਿੰਦੇ ਦੋਹਾਂ ਪੰਜਾਬਾਂ ਦੇ ਲੋਕਾਂ ਦਾ ਭਰਪੂਰ ਪਿਆਰ ਹਾਸਲ ਹੋਇਆ ਹੈ। ਇੰਗਲੈਂਡ, ਮਲੇਸ਼ੀਆ, ਜਰਮਨੀ ਦੇ ਲੋਕਾਂ ਨੇ ਵੀ ਬੀਬਾ ਬਲਵੰਤ ਨੂੰ ਬਹੁਤ ਪਿਆਰ ਮੁਹੱਬਤ ਦਿੱਤੀ। ਨਿਰੰਤਰ ਸਾਹਿਤ ਦੀ ਸੇਵਾ ਲਈ ਜੁਟੀ ਬੀਬਾ ਬਲਵੰਤ ਦੀ ਸ਼ਖ਼ਸੀਅਤ ਅਜਿਹੀ ਸ਼ਖ਼ਸੀਅਤ ਹੈ ਕਿ ਜਿਸ ਨੂੰ ਕੀ ਬੱਚੇ ਕੀ ਨੌਜਵਾਨ ਤੇ ਉਹਨਾਂ ਦੇ ਸਮਕਾਲੀ ਸਾਰੇ ਹੀ ਬਹੁਤ ਪਸੰਦ ਕਰਦੇ ਹਨ। ਕਵਿਤਾ ਦਿਲ ਦੀ ਜ਼ੁਬਾਨ ਹੁੰਦੀ ਹੈ ਅਤੇ ਦਿਲ ਦੀ ਜ਼ਬਾਨ ਹਮੇਸ਼ਾਂ ਹੀ ਅਸਰ ਕਰਨ ਵਾਲੀ ਹੁੰਦੀ ਹੈ। ਜਦੋਂ ਬੀਬਾ ਇਹ ਲਿਖਦਾ ਹੈ ਕਿ :

*ਤੇਰਾ ਇਕ ਇਕ ਨਕਸ਼ ਉਭਰ ਕੇ ਆਇਆ ਹੈ*
*ਜਦ ਵੀ ਖ਼ਾਲੀ ਕੈਨਵਸ 'ਤੇ ਰੰਗ ਲਾਇਆ ਹੈ।*
*ਕਮਰੇ ਦੇ ਵਿਚ ਖਿਲਰੀ ਮਹਿਕ ਜਿਹੀ,*
*ਤੇਰੀ ਆਮਦ ਜਾਦੂ ਆਣ ਜਗਾਇਆ ਹੈ।*

ਤਾਂ ਪਹਿਲੇ ਹਿੱਸੇ ਦੀ ਇਹ ਗ਼ਜ਼ਲ ਬਹੁਤ ਹਾਂ-ਮੁਖੀ ਜਾਪਦੀ ਹੈ, ਪਰ ਜਦੋਂ ਅੱਗੇ ਬੀਬਾ ਇਹ ਲਿਖਦਾ ਹੈ ਕਿ :

*ਤੇਰੀ ਸਹੁੰ ਤਦ ਹੰਝੂ ਭਰ ਭਰ ਆਉਂਦੇ ਨੇ,*
*ਜਦ ਵੀ ਤੇਰਾ ਹੱਸਣਾ ਚੇਤੇ ਆਇਆ ਹੈ।*
*ਨਾਲ ਲਹੂ ਦੇ ਸਿੰਜਿਆ ਜ਼ਹਿਰੀ ਫੁੱਲ ਜਾਪੇ,*
*ਕੈਸਾ ਬੂਟਾ ਸਾਡੀ ਜਿੰਦ ਉਗਾਇਆ ਹੈ।*

ਤਾਂ ਇਹ ਗ਼ਜ਼ਲ 'ਕਾਵਿ ਮੈਂ' ਦੀ ਉਦਾਸੀ, ਗ਼ਮੀ, ਦੁਖ ਨੂੰ, ਨਿਰਾਸ਼ਾ ਨੂੰ ਪੇਸ਼ ਕਰ ਜਾਂਦੀ ਹੈ। ਇਸ ਕਾਵਿ-ਸੰਗ੍ਰਹਿ ਦੀਆਂ ਸਾਰੀਆਂ ਨਜ਼ਮਾਂ, ਗੀਤ, ਗ਼ਜ਼ਲਾਂ, ਟੱਪੇ ਇਸ਼ਕੀਆ ਅੰਦਾਜ਼ ਨੂੰ ਦਰਸਾਉਂਦੇ ਹਨ, ਪਰ ਜ਼ਿੰਦਗੀ ਦੀਆਂ ਕੌੜੀਆਂ ਸੱਚਾਈਆਂ ਨੂੰ ਵੀ ਪੇਸ਼ ਕਰਦੇ ਹਨ। ਇਸ਼ਕੀਆ ਸ਼ਬਦ ਦੇ ਅਰਥ ਵਿਸ਼ਾਲ ਹੁੰਦੇ ਜਾਂਦੇ ਹਨ ਅਤੇ ਕੇਵਲ ਪਿਆਰ ਅਤੇ ਥੀਮ ਨਾਲ ਸੰਬੰਧ ਨਹੀਂ ਰੱਖਦੇ, ਸਗੋਂ ਇਨਸਾਨੀਅਤ ਦੇ ਹਮਸਫ਼ਰ ਬਣ ਕੇ ਤੁਰਦੇ ਨਜ਼ਰ ਆਉਂਦੇ ਨੇ।

ਬੀਬਾ ਬਲਵੰਤ ਦੀਆਂ ਕਾਵਿ ਰਚਨਾਵਾਂ ਆਰੰਭ ਤੋਂ ਲੈ ਕੇ ਅੰਤ ਤਕ ਮੁਹੱਬਤ ਦੀਆਂ, ਮੁਹੱਬਤ ਵਿਚਲੀ ਉਦਾਸੀ ਦੀਆਂ, ਔਰਤ ਮਰਦ ਦੇ ਪਿਆਰ ਵਿੱਚੋਂ ਨਿਕਲੇ ਭਿੰਨ ਭਿੰਨ ਅਹਿਸਾਸਾਂ ਦੀ ਤਰਜਮਾਨੀ ਕਰਦੀਆਂ ਹਨ। 'ਕਾਵਿ ਮੈਂ' ਦੀ ਮੁਹੱਬਤ ਦਾ ਸਫ਼ਰ ਨਿਰੰਤਰ ਜਾਰੀ ਹੈ, ਪਰ ਹਰ ਵਾਰੀ ਉਸ ਵਿਚ ਨਵੇਂ ਅਰਥ 'ਕਾਵਿ ਮੈਂ ਦੀ ਸੋਚ ਨਾਲ ਜੁੜ ਜਾਂਦੇ ਹਨ। ਉਸ ਨੂੰ ਵੀ ਉਸ ਨਾਲ ਮਿਹਣਿਆਂ, ਰੋਸਿਆਂ, ਸ਼ਿਕਵਿਆਂ ਤੋਂ ਇਲਾਵਾ ਸਬੂਤ ਮੰਗਣ ਦਾ ਥੀਮ ਪੇਸ਼ ਹੋਇਆ ਹੈ। ਪਰ ਆਪ ਹੀ 'ਕਾਵਿ ਮੈਂ' ਆਖਦੀ ਹੈ ਕਿ ਪਿਆਰ ਦਾ ਕੋਈ ਸਬੂਤ ਨਹੀਂ ਹੁੰਦਾ। 'ਕਾਵਿ ਮੈਂ' ਦੁਚਿੱਤੀ ਦੇ ਆਲਮ ਵਿਚ ਵਿਚਰਦੀ ਹੈ। ਪਿਆਰ ਤੇ ਖ਼ਾਸ ਕਰਕੇ ਬੰਦਿਸ਼ਾਂ 'ਚ ਘਿਰਿਆ ਪਿਆਰ ਅੰਤ ਵਿਛੋੜੇ ਤੇ ਉਦਾਸੀ ਵੱਲ ਨੂੰ ਹੀ ਜਾਂਦਾ ਹੈ। ਇਸ ਸਮੁੱਚੀ ਕਵਿਤਾ ਵਿਚ ਪਿਆਰ ਦੇ ਥੀਮ ਦੀ ਉਦਾਸੀ ਦੀ ਸਥਿਤੀ ਬੜੇ ਉਭਰਵੇਂ ਰੂਪ ਵਿਚ ਪੇਸ਼ ਹੁੰਦੀ ਹੈ, ਭਾਵ 'ਕਾਵਿ ਮੈਂ' ਆਪਣੇ ਆਪ ਨੂੰ ਇਸ ਸਥਿਤੀ ਵਿੱਚੋਂ ਉਭਾਰਨ ਲਈ ਪੁਰਜ਼ੋਰ ਯਤਨ ਲਾਉਂਦੀ ਹੈ, ਪਰੰਤੂ ਫਿਰ ਵੀ ਉਹ ਸਥਿਤੀਆਂ ਪ੍ਰਸਥਿਤੀਆਂ ਵਿਚ ਘਿਰੀ ਅੰਦਰੋਂ ਘੋਰ ਨਿਰਾਸ਼ਾ ਵਿੱਚੋਂ ਗੁਜ਼ਰਦੀ ਹੈ। 'ਕਾਵਿ ਮੈਂ' ਦੀ ਆਪਣੇ ਆਪ ਨੂੰ ਸਮਝਾਉਣ ਦੀ ਸਥਿਤੀ ਕਈ ਥਾਂਈ ਉਜਾਗਰ ਹੁੰਦੀ ਹੈ, ਜਦੋਂ ਬੀਬਾ ਇਹ ਲਿਖਦਾ ਹੈ ਕਿ :

*ਕੌਣ ਤੂੰ ਬੀਬਾ ਕਿਸ ਨਗਰੀ ਦਾ ਵਾਸੀ ਹੈਂ ?*
*ਹੁਣ ਤਾਂ ਮੈਨੂੰ ਪੁੱਛਦਾ ਮੇਰਾ ਸਾਇਆ ਹੈ।*

ਦੁਚਿੱਤੀ ਵਾਲਾ ਸੁਭਾਅ ਹੋਣ ਕਾਰਨ ਉਸ ਨੇ ਸਾਰਾ ਕੁਝ ਆਪਣੇ ਆਪ ਸੋਚਿਆ ਚਿਤਵਿਆ ਹੈ। ਇਸ ਪਿਆਰ ਨੂੰ ਇਕਹਰਾ ਅਹਿਸਾਸ ਹੈ, ਜੋ ਉਸ ਨੂੰ ਤਨਹਾਈ ਤੇ ਉਦਾਸੀ ਵੱਲ ਲੈ ਤੁਰਦਾ ਹੈ। ਤਨਹਾਈ ਤੇ ਉਦਾਸੀ ਦਾ ਇਹ ਆਲਮ ਹੈ ਕਿ ਤਨਹਾਈ ਦੀ ਇਸ ਇੰਤਹਾ ਨੂੰ ਕਵੀ ਇਵੇਂ ਪੇਸ਼ ਕਰਦਾ ਹੈ :

*ਯਾਦ ਤੇਰੀ ਇਉਂ ਜਾਦੂ ਕਰਦੀ ਦਿਲ ਦੇ ਸੁੰਨੇ ਵਿਹੜੇ,*
*ਅੱਧੀ ਰਾਤੀਂ ਕਬਰਾਂ ਦੇ ਵਿਚ ਵੱਜੇ ਜਿਉਂ ਇਕ ਤਾਰਾ।*

ਬੀਬਾ ਬਲਵੰਤ ਦੁਖ ਤਨਹਾਈ ਦੇ ਸਾਗਰ ਵਿਚ ਡੁੱਬਿਆ ਵੀ ਉਮੀਦ ਦਾ ਪੱਲਾ ਨਹੀਂ ਛੱਡਦਾ ਤੇ ਲਿਖਦਾ ਹੈ ਕਿ :

*ਅੱਥਰੂ ਦੇ ਦੇ, ਆਹਾਂ ਦੇ ਦੇ, ਦੇ ਦੇ ਜ਼ਖ਼ਮ ਦਿਲ ਦੇ,*
*ਇਸ ਦੇ ਬਦਲੇ ਗੀਤ ਦਿਆਂਗਾ, ਮੈਂ ਐਸਾ ਵਣਜਾਰਾ।*

ਆਪਣੀ ਮੁਹੱਬਤ ਨੂੰ ਦਿਲ ਵਿਚ ਵਸਾ ਕੇ ਬੀਬਾ ਇਸ ਵਿੱਚੋਂ ਮਿਲੇ ਅੱਥਰੂਆਂ ਨੂੰ ਗੁਲਾਬ ਦੀ ਸੰਗਿਆ ਦਿੰਦਾ ਹੈ। ਅੱਥਰੂ, ਜੋ ਕਿ ਕਿਸੇ ਸਰਾਪੇ ਬਿਰਖ ਦੀ ਕਥਾ ਸੁਣਦਿਆਂ ਸੁਣਦਿਆਂ ਆਮ ਸਾਧਾਰਨ ਅਵਸਥਾ ਤੋਂ ਪਾਰ ਡੂੰਘੇ ਦੁੱਖ ਦੀ ਅਵਸਥਾ 'ਚ ਇਸ ਕਦਰ ਪਹੁੰਚੇ ਕਿ ਬੀਬਾ ਨੂੰ ਇਹ ਅੱਥਰੂ ਵੀ ਗੁਲਾਬਾਂ ਵਰਗੇ ਲੱਗਣ ਲੱਗੇ। ਇਹ ਅੱਥਰੂ ਉਸ ਦੀ ਉਦਾਸੀ ਵੀ ਹਨ, ਉਸ ਦੀ ਸ਼ਕਤੀ ਵੀ ਹਨ। ਬੀਬਾ ਆਪ ਅੱਥਰੂ ਅੱਥਰੂ ਹੋ ਕੇ ਵੀ ਆਪਣੇ ਮਹਿਬੂਬ ਦਾ ਅੱਥਰੂ ਨਹੀਂ ਵੇਖ ਸਕਦਾ, ਜਦੋਂ ਇਹ ਲਿਖਦਾ ਹੈ ਕਿ :

*ਅੱਥਰੂ ਭਰੀਆਂ ਤੇਰੀਆਂ ਅੱਖਾਂ ਯਾਦ ਜਦੋਂ ਵੀ ਆਵਣ,*
*ਮੇਰੇ ਅੰਦਰ ਭਾਂਬੜ ਮਚਦਾ, ਫੂਕ ਦਿਆਂ ਜਗ ਸਾਰਾ।*

ਇਕ ਹੋਰ ਮਿਸਾਲ ਦੇਖੋ :

*ਨਾ ਪਰਦੇਸੀ ਨਾ ਪੰਛੀ, ਨਾ ਜੋਗੀ ਦਾ ਇਕਰਾਰ,*
*ਤੇਰੀ ਧੜਕਣ ਦੇ ਵਿਚ ਵਸਦਾ 'ਵਾਜ ਕਦੇ ਵੀ ਮਾਰ।*

ਜ਼ਿੰਦਗੀ ਵਿਚਲੀ ਇਸ ਉਦਾਸੀ ਤੇ ਕਸ਼ਮਕਸ਼ ਦਾ ਜ਼ਿੰਮੇਵਾਰ ਕਵੀ ਸਮਾਜਕ ਵਿਵਸਥਾ ਨੂੰ ਠਹਿਰਾਉਂਦਾ ਹੈ। ਉਸ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਵਿਚ ਵਿਅੰਗ ਦੀ ਧੁਨੀ ਗੂੰਜਦੀ ਹੈ। ਉਸ ਦੇ ਮਨ ਨੂੰ ਕਿਤੇ ਵੀ ਆਰਾਮ ਨਹੀਂ ਮਿਲਦਾ। ਉਸ ਦੇ ਅੰਦਰ ਤਲਖੀ, ਬੇਚੈਨੀ ਵਧਦੀ ਹੈ, ਪਰ ਕਵੀ ਆਪਣੀ ਇਸ ਸਥਿਤੀ 'ਤੇ ਕਾਬੂ ਪਾ ਕੇ ਆਪਣੀ ਮਾਨਸਿਕ ਸੋਚ ਤੇ ਮਨੋ ਅਵਸਥਾ ਨੂੰ ਮਨੁੱਖਤਾ ਦੇ ਭਲੇ 'ਚ ਲਾ ਕੇ ਆਪਣੇ ਆਪ ਨੂੰ ਇਸ ਵਿੱਚੋਂ ਉਭਾਰਦਾ ਹੈ। ਉਹ ਕਿਉਂ ਅਤੇ ਕਿਵੇਂ ਨੂੰ ਡੂੰਘਾਈ ਨਾਲ ਸਮਝਣ ਦੀ ਵਾਹ ਲਾਉਂਦਾ ਹੈ। ਇਹੀ ਕਾਰਨ ਹੈ ਕਿ ਉਹ ਬਹੁਰੰਗੀ ਅਵਸਥਾ ਵਿਚ ਪਹੁੰਚ ਜਾਂਦਾ ਹੈ। ਉਹ ਆਪ ਸਵੀਕਾਰ ਕਰਦਾ ਹੈ ਕਿ :

*ਮੁਹੱਬਤ ਦੀ ਭਾਲ ਵਿਚ*
*ਅਜਬ ਹਾਦਸੇ ਹੋਏ।*
*ਕਦੇ ਰੰਗ ਹੱਸੇ*
*ਕਦੇ ਰੰਗ ਰੋਏ।*

ਬੀਬਾ ਲੋਕਾਂ ਦੇ ਰਵੱਈਏ ਵੇਖ ਕੇ ਤੜ੍ਹਪ ਉਠਦਾ ਹੈ, ਜਦੋਂ ਉਹ ਲਿਖਦਾ ਹੈ ਕਿ :

1. *ਬਲਦੇ ਸਿਵਿਆਂ ਕੋਲ ਵੀ ਗੱਲਾਂ ਕਰਦੇ ਨੇ*
   *ਲੋਕੀਂ ਕੰਮ ਕਾਰਾਂ ਦੇ ਵਿਸਥਾਰ ਦੀਆਂ।*

2. *ਏਸ ਸਦੀ ਤੋਂ ਕੁਝ ਦਿਨ ਸਿਖ ਕੇ ਤੌਰ ਤਰੀਕੇ ਹੱਸੀਆਂ,*
*ਰੰਗਦਾਰ ਖਿੱਦੋ ਬਣ ਆਈਆਂ ਜਰ ਜਰ ਹੋਈਆਂ ਲੀਰਾਂ।*

ਬੀਬਾ ਬਲਵੰਤ ਦੀ ਹਰ ਕਾਵਿ-ਰਚਨਾ ਵਿਚ ਬਾਹਰਲੀ ਬਣਤਰ ਅਤੇ ਬੁਣਤਰ ਦੇ ਅੰਤਰਗਤ ਇਕ ਅੰਤਰੀਵੀ ਰਮਜ਼ ਪ੍ਰਵਾਹਮਾਨ ਦਿਸਦੀ ਹੈ। ਮਨੁੱਖ ਦੀ ਬਣਨ, ਥਿੜਕਣ, ਮੁੜ ਜੁੜਨ ਸੰਪੰਨ ਹੋਣ ਦੀ ਬਲਵਾਨ ਇੱਛਾ ਦੇ ਝਲਕਾਰੇ ਇਸ ਦੀ ਸ਼ਾਇਰੀ ਵਿੱਚੋਂ ਦਿਖਾਈ ਦਿੰਦੇ ਹਨ। ਉਹ ਆਪਣੀ ਬਾਹਰਵਰਤੀ ਸੁਜੱਗਤਾ ਨੂੰ ਅੰਤਰੀਵ ਚੇਤਨਾ ਨਾਲ ਮੇਲ ਕੇ ਸੰਜਮ ਤੇ ਸਹਿਜ ਨਾਲ ਵਿਚਰਨ ਵਾਲਾ ਆਤਮ ਪ੍ਰਕਾਸ਼ੀ ਕਵੀ ਹੈ। ਜੀਵਨ ਦੇ ਨਿੱਕੇ ਨਿੱਕੇ ਅਹਿਸਾਸਾਂ ਨੂੰ ਅਜਿਹੇ ਨਵੇਂ ਸਿਰਜਣਾਤਮਕ ਸੰਦਰਭ ਵਿਚ ਪੇਸ਼ ਕਰਦਾ ਹੈ ਕਿ ਅਤਿ ਸਰਲ ਜਿਹੇ ਵਰਤਾਰੇ ਵਿਆਪਕ ਅਤੇ ਮੂਲੋਂ ਨਵੇਂ ਅਰਥ ਗ੍ਰਹਿਣ ਕਰ ਜਾਂਦੇ ਹਨ। ਪ੍ਰਕਿਰਤੀ ਨਾਲ ਸੰਵਾਦ ਰਚਾਉਂਦਿਆਂ ਰੁੱਖ, ਮੀਂਹ, ਕਣੀਆਂ, ਇਨਸਾਨੀ ਹੋਂਦ ਦੇ ਪਰਤੌ ਹੀ ਹੋ ਨਿਬੜਦੇ ਹਨ। ਉਹ ਅਛੋਪਲੇ ਜਿਹੇ ਸਾਡੇ ਮਨੋ ਸੰਚਾਰ ਨੂੰ ਕਦੇ ਵਿਸਤਾਰਦਾ, ਕਦੇ ਉਚਿਆਉਂਦਾ ਹੈ ਕਦੇ ਅਨੰਦਿਤ ਕਰਦਾ ਹੈ ਅਤੇ ਪੂਰੇ ਬ੍ਰਹਿਮੰਡ ਵਿਚ ਫੈਲ ਜਾਣਾ ਚਾਹੁੰਦਾ ਹੈ।

ਬੀਬਾ ਮਨੁੱਖੀ ਜਜ਼ਬਾਤਾਂ ਦੇ ਉਹਨਾਂ ਸਧਰਾਏ ਕੋਮਲ ਅਹਿਸਾਸਾਂ ਦਾ ਕਵੀ ਹੈ, ਜੋ ਅੱਜ ਦੇ ਪੂੰਜੀਵਾਦੀ ਦੌਰ ਵਿਚ ਉਸਰੀ ਮਨੁੱਖੀ ਘਾਤਕ ਸਭਿਆਚਾਰਕ ਬਣਤਰ ਦੀ ਬਲੀ ਚੜ੍ਹ ਰਹੇ ਹਨ। ਜਦੋਂ ਮਨੁੱਖੀ ਰਿਸ਼ਤੇ ਪਦਾਰਥਕ ਸੁੱਖਾਂ ਦੀ ਤਲਾਸ਼ ਵਿਚ ਪੈਸੇ, ਸ਼ਕਤੀ ਜਾਂ ਹੋਰ ਅਜਿਹੀਆਂ ਹੀ ਮਜਬੂਰੀਆਂ ਭੁੱਖਾਂ ਦੀ ਬਲੀ ਚੜ੍ਹ ਰਹੇ ਹਨ ਤਾਂ ਬੀਬਾ ਸੰਵੇਦਨਸ਼ੀਲ ਕਵੀ ਹੋਣ ਨਾਤੇ ਬੇਹੱਦ ਦੁਖੀ ਹੁੰਦੀ ਹੈ। ਇਹ ਮਨੋ ਗੁੰਝਲ ਉਸ ਲਈ ਅਸਹਿ ਦਰਦ ਬਣ ਜਾਂਦੀ ਹੈ, ਜੋ ਉਸ ਦੀ ਹੋਂਦ ਅਤੇ ਹੋਣੀ ਵਿੱਚੋਂ ਉਤਪੰਨ ਹੋਈ ਹੈ। ਵਿਰਾਗ ਅਤੇ ਤਨਹਾਈ ਦਾ ਇਹ ਆਲਮ ਹੀ ਉਸ ਦੀ ਕਾਵਿ ਸੰਵੇਦਨਾ ਦਾ ਸੰਸਾਰ ਬਣ ਚੁੱਕਿਆ ਹੈ। ਜਦੋਂ ਉਸ ਨੂੰ ਆਪਣੇ ਸੱਚੇ ਸੁੱਚੇ ਜਜ਼ਬਿਆਂ ਦਾ ਜੁਆਬ ਹਾਂ-ਪੱਖੀ ਨਹੀਂ ਮਿਲਦਾ ਤਾਂ ਇਹ ਅਸਫਲਤਾ ਉਸ ਦੀ ਕਵਿਤਾ ਵਿਚ ਤ੍ਰਾਸਦਿਕ ਸੰਵੇਦਨਾ ਬਣ ਉਭਰਦੀ ਹੈ। ਰੰਗ ਬਦਲ ਗਏ ਸੱਜਣਾਂ ਦੇ ਰਵੱਈਏ ਤੋਂ ਦੁਖੀ ਉਹ ਗ਼ਜ਼ਲਾਂ 'ਚ ਆਪਣੀ ਮਨੋ ਅਵਸਥਾ ਨੂੰ ਉਤਾਰਦਾ ਹੈ। ਕਈ ਪਲ ਜੋ ਉਹ ਸਾਂਭ ਨਾ ਸਕਿਆ, ਉਸ ਦਾ ਪਛਤਾਵਾ ਵੀ ਉਸ ਦੇ ਅੰਦਰ ਬਾਹਰ ਤੁਰਦਾ ਦਿਸਦਾ ਹੈ। ਪਿਆਰ ਵਿਚ ਹੋਈ ਆਪਣੀ ਮਾਸੂਮ ਗ਼ਲਤੀ ਨੂੰ ਵੀ ਨਜ਼ਮ ਵਿਚ ਢਾਲ ਕੇ ਕੁਝ ਇਸ ਤਰ੍ਹਾਂ ਲਿਖਦਾ ਹੈ :

1. *ਮਿਲਣ ਤੋਂ ਪਹਿਲਾਂ*
*ਉਹ ਸੋਚਦੀ ਰਹੀ*
*ਮੇਰੇ ਬਾਰੇ*
*ਸੱਪ...ਸੱਪ...ਸੱਪ...*
*ਮਿਲੀ, ਠਹਿਰੀ*
*ਤੇ ਜਾਣ ਤੋਂ ਪਹਿਲਾਂ*

*ਉਸ ਕਿਹਾ*
*ਸਾਧੂ, ਜੋਗੀ, ਰਮਤਾ*
*ਦਿਲ ਕੀਤਾ*
*ਜਾਂਦੀ ਹੋਈ ਨੂੰ*
*ਸੱਪ ਬਣ ਕੇ ਲਿਪਟ ਜਾਂਦਾ।*

2. *ਅਕਸਰ ਸੋਚਦਾਂ*
*ਮਨ ਤੋਂ ਬਿਨਾਂ*
*ਕੱਲੇ ਜਿਸਮ ਦਾ*
*ਕੀ ਕਰਦੀ ਹੋਵੇਗੀ ?*

ਵਕਤੀ ਪਿਆਰ ਪ੍ਰਤੀ ਬੀਬਾ ਬਲਵੰਤ ਦੇ ਮਨ ਵਿਚ ਕਠੋਰ ਨਫ਼ਰਤ ਹੈ, ਨਫ਼ਰਤ ਹੀ ਨਹੀਂ, ਗ਼ੁੱਸਾ ਵੀ ਹੈ ਤੇ ਰੋਹ ਵੀ ਹੈ। ਇਸੇ ਲਈ ਉਹ ਸਵਾਰਥੀ ਜਿਸਮੀ ਪਿਆਰ ਅਤੇ ਭ੍ਰਿਸ਼ਟ ਸਮਾਜਿਕ ਰੀਤਾ-ਰਿਵਾਜਾਂ ਤੇ ਕਾਵਿਕ ਕਟਾਖਸ਼ ਵੀ ਵਰਤ ਜਾਂਦਾ ਹੈ।

ਬੀਬਾ ਰੰਗਾਂ ਦੇ ਮਨੋਵਿਗਿਆਨ ਤੋਂ ਭਲੀ-ਭਾਂਤ ਵਾਕਿਫ਼ ਹੈ। ਰੰਗਾਂ ਨੂੰ ਰੰਗਾਂ ਦੇ ਅਹਿਸਾਸਾਂ ਨੂੰ ਭਾਵਾਂ ਦੀ ਤਰਜ਼ਮਾਨੀ ਕਰਨ ਲਈ ਵਰਤਣਾ ਉਸ ਦੀ, ਸੂਖਮ ਸੁਹਜ ਦ੍ਰਿਸ਼ਟੀ ਦਾ ਪ੍ਰਮਾਣ ਹੈ। ਬਹੁਤ ਖ਼ੂਬਸੂਰਤੀ ਨਾਲ ਉਹ ਰੰਗਾਂ ਦੀ ਬੋਲੀ ਵਿਚ ਬੋਲਦਾ ਹੈ :

1. *ਅਜਬ ਹਾਦਸੇ ਹੋਏ ਬੀਬਾ,*
*ਰੰਗ ਹੱਸੇ ਰੰਗ ਰੋਏ ਬੀਬਾ।*
*ਰੰਗ ਬਰੰਗੀ ਦੁਨੀਆ ਅੰਦਰ,*
*ਹੋਏ ਵੀ ਅਣਹੋਏ ਬੀਬਾ।*

2. *ਫੀਤਾ*
*ਨੀਲੇ ਨਾਲ ਪੀਲਾ ਮਿਲਿਆ*
*ਹਰੇ ਰੰਗ ਨੇ ਤਮਾਸ਼ਾ ਬੜਾ ਕੀਤਾ।*

ਬੀਬਾ ਮਰਦ ਪ੍ਰਧਾਨ ਸਮਾਜ ਵਿਚ ਔਰਤ ਦੀ ਪੀੜ੍ਹ ਦਾ ਤ੍ਰਾਸਦਿਕ ਬੋਲ ਬਣ ਕੇ ਔਰਤ ਨੂੰ ਖੁੱਲ੍ਹਾ ਆਕਾਸ਼ ਦੇ ਕੇ ਉਡਣ ਦੀ, ਪਰ ਖੋਲ੍ਹਣ ਦੀ ਹਮਾਇਤ ਕਰਦਾ ਕਵੀ ਹੈ। ਔਰਤ ਦੀ ਪੀੜ ਤੇ ਵੇਦਨਾ ਦੀ ਪਹਿਚਾਣ ਤੇ ਪਕੜ ਕਰਨ ਵਾਲਾ ਇਕ ਸਮਰੱਥ ਨਿਡਰ ਕਵੀ ਹੈ। ਉਸ ਦੀ ਨਿੱਕੀ ਕਵਿਤਾ ਵਿਚ ਵੀ ਇਕ ਸੰਜਮ ਹੈ, ਇਕ ਸਹਿਜ ਹੈ, ਤੋਲ ਤੁਕਾਂਤ ਹੈ, ਵਿਉਂਤ ਹੈ। ਬੀਬਾ ਹੱਸ ਕੇ ਗ਼ਮ ਨੂੰ ਖੂੰਜੇ ਲਾਉਣ ਵਾਲਾ ਸਮਰੱਥ ਕਵੀ ਹੈ :

*ਪਤਾ ਹੈ ਮੈਨੂੰ*
*ਤੂੰ ਕਿਥੇ ਰਹਿੰਦੀ ਏਂ*
*ਇਸ ਦੇ ਬਾਵਜੂਦ*
*ਮੈਂ ਉਥੇ*
*ਚੀਕ ਬੁਲਬੁਲੀ ਮਾਰਨ ਨਹੀਂ ਆਉਣਾ*

*ਮੈਂ ਤਾਂ*
*ਮੁਸਕਰਾਹਟ ਨਾਲ*
*ਜੀ ਆਇਆਂ ਕਹਿਣਾ ਹੈ*
*ਉਸ ਘਰ ਦੇ ਦਰਵਾਜ਼ੇ 'ਤੇ*
*ਜੋ ਤੈਨੂੰ*
*ਵਰ੍ਹਿਆਂ ਤੋਂ ਉਡੀਕ ਰਿਹਾ ਹੈ।*

ਕਾਵਿ ਸਫ਼ਰ ਦੇ ਅਨੇਕ ਪੜਾਵਾਂ ਵਿੱਚੋਂ ਗੁਜ਼ਰਦਾ ਹੋਇਆ, ਨਿਰਵਿਘਨ, ਆਪਣੀ ਚਾਲੇ ਵਹਿੰਦਾ ਦਰਿਆ ਹੈ ਬੀਬਾ ਬਲਵੰਤ। ਅਤਿ ਦਾ ਸੰਵੇਦਨਸ਼ੀਲ, ਰੰਗਾਂ ਤੇ ਕਲਮ ਨੂੰ ਇਕਮਿਕ ਕਰਕੇ ਇਕ ਤੋਂ ਅਨੇਕ ਹੋਣ ਦੀ ਗਾਥਾ ਸਿਰਜਦਾ, ਕੁਦਰਤ ਨਾਲ ਕਦੋਂ ਇਕਮਿਕ ਹੋ ਜਾਂਦਾ ਹੈ, ਕਿੰਨਾ ਸਹਿਜ ਹੋ ਜਾਂਦਾ ਹੈ। ਇਸ ਨੂੰ ਉਸ ਦੀ ਕਵਿਤਾ ਨੂੰ ਪੜ੍ਹ ਕੇ ਹੀ ਸਮਝਿਆ, ਜਾਣਿਆ ਜਾ ਸਕਦਾ ਹੈ। ਹਰ ਮਨ ਨੂੰ ਧਰਵਾਸ ਦਿੰਦਾ ਹੈ ਤੇ ਆਖਦਾ ਹੈ ਕਿ:

*ਤੂੰ ਜਿਥੇ ਵੀ ਹੈਂ*
*ਜਿਸ ਹਾਲ 'ਚ ਵੀ ਹੈਂ*
*ਅਨੰਦ ਮਾਣ*
*ਉਤਸਵ ਮਨਾ*
*ਕਾਹਲੀ ਨਾ ਕਰ*
*ਸਹਿਜ ਹੋ ਜਾ।*

ਉਹ ਨਦੀਆਂ, ਦਰਿਆਵਾਂ, ਘਟਾਵਾਂ, ਹਵਾਵਾਂ, ਪਹਾੜਾਂ, ਬਰਫ਼ ਦੇ ਤੋਦਿਆਂ, ਚੰਨ ਤਾਰਿਆਂ, ਸੂਰਜਾਂ, ਸਮੁੰਦਰਾਂ ਨਾਲ ਦੋਸਤੀਆਂ ਪਾਉਂਦਾ, ਰਿਸ਼ਤੇ ਗੰਢਦਾ ਸੱਚਮੁੱਚ ਅਨੰਦ ਭਇਆ ਦੀ ਅਵਸਥਾ ਤਕ ਪਹੁੰਚ ਜਾਂਦਾ ਹੈ। ਡਾ. ਮੋਹਨਜੀਤ ਨੇ ਲਿਖਿਆ ਹੈ ਕਿ ਅਜਿਹੀ ਕਵਿਤਾ ਲਈ ਜ਼ਿੰਦਗੀ ਜੇਡਾ ਅਨੁਭਵ ਲੋੜੀਂਦਾ ਹੈ। ਇਸ ਕ੍ਰਿਤ ਦੇ ਸੰਬੰਧ ਵਿਚ ਲਹਿਜੇ 'ਚ ਵਰਤੇ ਗਏ ਵੱਖ ਵੱਖ ਨਾਤੇਦਾਰੀ ਨੂੰ ਦਰਸਾਉਂਦੇ ਸ਼ਬਦਾਂ ਦੀ ਨੁਹਾਰ ਵੇਖਣ ਵਾਲੀ ਹੈ:

*ਓ ਨਦੀਓ!*
*ਮੇਰੀ ਓ ਭੈਣੋ! ਧੀਓ! ਮੁਹੱਬਤੋ!*
*ਦਰਿਆਓ*
*ਮੇਰੇ ਪੁੱਤਰੋ, ਭਰਾਓ!*

ਸਾਮਿਅਕ ਅਤੇ ਸਦੀਵੀ ਮਨੁੱਖੀ ਸਰੋਕਾਰਾਂ ਦੇ ਇਕ ਉਚੇਰੇ ਅਤੇ ਸੁਚੇਰੇ ਸਹਿਜ ਸੰਤੁਲਨ ਨੂੰ ਉਸਾਰਦਿਆਂ ਬੀਬਾ ਕਾਵਿ ਦੇ ਸੁਹਜ ਸੰਸਾਰ ਦੇ ਉੱਦਾਤ ਤੱਤਾਂ ਅਤੇ ਸੱਭਿਆਚਾਰ ਦੇ ਨਵੇਂ ਪ੍ਰਵਚਨ ਸਿਰਜ ਸਕਣ ਦੇ ਮੁੱਲਵਾਨ ਤਕਾਜ਼ਿਆਂ ਦੀ ਮੂਲ ਸੋਝੀ ਨੂੰ ਆਧਾਰ ਬਣਾਉਂਦਾ ਹੈ।

ਉਸ ਨੇ ਅਸਤਿਤਵਿਕ ਸੰਕਟ ਤੋਂ ਉਤਪੰਨ ਇੰਤਹਾਈ ਪੀੜ, ਸੁਹਿਰਦ ਮਾਨਵੀ

ਰਿਸ਼ਤਿਆਂ, ਪਵਿੱਤਰ ਜਜ਼ਬਿਆਂ ਦੀ ਹੋ ਰਹੀ ਬੇਹੁਰਮਤੀ ਨੂੰ ਜਿਥੇ ਪੇਸ਼ ਕੀਤਾ ਹੈ, ਉਥੇ ਪਾਕ ਰਿਸ਼ਤਿਆਂ ਨੂੰ ਮੋਹ-ਭਿੱਜੀ ਪੁਕਾਰ ਵੀ ਦਿੱਤੀ ਹੈ। ਉਹ ਭਟਕਣਾ, ਖਿੰਡਾਅ, ਤਲਾਸ਼ ਨੂੰ ਸੰਪੰਨਤਾ ਵਿਚ ਰੂਪਾਂਤਰਿਤ ਕਰਦਾ ਹੋਇਆ ਮਨੁੱਖੀ ਮਨ ਦੀਆਂ ਹਨੇਰੀਆਂ ਕੁੰਦਰਾਂ ਨੂੰ ਰੁਸ਼ਨਾਉਂਦਾ, ਇਕ ਤੋਂ ਅਨੇਕ ਹੁੰਦਾ, ਕੋਮਲ ਅਹਿਸਾਸਾਂ ਨੂੰ ਉਭਾਰਦਾ, ਸਹਿਜ ਹੋ ਅਨੰਦ ਮਗਨ ਹੋ ਵਿਚਰਦਾ ਪਲ ਪਲ ਉਸਰਦੇ ਪਲਰਦੇ ਮਨੁੱਖੀ ਆਪੇ ਨੂੰ ਪ੍ਰਮਾਣਿਕਤਾ ਬਖ਼ਸ਼ਦਾ ਹੈ। ਉਦਾਸੀ, ਬੇਗਾਨਗੀ, ਅਧੂਰਾਪਣ, ਜ਼ਖ਼ਮੀ ਹੋਂਦ ਦੇ ਮਾਰਮਿਕ ਚਿੱਤਰ ਭਾਵੇਂ ਉਸ ਦੀ ਸਮੁੱਚੀ ਕਾਵਿ ਰਚਨਾ ਵਿਚ ਹਨ, ਪਰ ਫਿਰ ਵੀ ਉਹ ਨਾ ਤਾਂ ਨਿਰਾਸ਼ਾਜਨਕ ਹੈ ਤੇ ਨਾ ਹੀ ਸਥਿਤੀਆਂ ਤੋਂ ਭੱਜਦਾ ਹੈ। ਉਹ ਤਾਂ ਮਨ ਮਸਤਕ ਵਿਚ ਪਿਆਰ ਦੀ ਜੋਤ ਜਗਾ ਅੱਗੇ ਵਧਣ 'ਚ ਯਕੀਨ ਰੱਖਦਾ ਹੈ :

*ਉਹ ਮੇਰੇ ਅੰਦਰ*
*ਕਵਿਤਾ ਦੀ ਜੋਤ ਜਗਾ ਕੇ*
*ਅਚਾਨਕ ਹੀ*
*ਹਨੇਰੇ ਜੰਗਲ ਵਿਚ*
*ਗੁੰਮ ਹੋ ਗਈ*
*ਮੈਂ ਉਸ ਜੋਤ*
*ਦੇ ਸਹਾਰੇ ਹੀ*
*ਉਸ ਨੂੰ ਲੱਭਦਾ ਫਿਰਦਾਂ।*

ਇਸ ਪੁਸਤਕ ਵਿਚ ਸ਼ਾਮਿਲ ਬੀਬਾ ਬਲਵੰਤ ਦੀ ਸ਼ਾਇਰੀ ਨਿਸ਼ਚੇ ਹੀ ਪਾਠਕਾਂ ਨੂੰ ਆਨੰਦਿਤ ਕਰਨ ਦੇ ਨਾਲ ਨਾਲ ਨਵੀਆਂ ਲੀਹਾਂ ਵੱਲ ਅਗਰਸਰ ਕਰਦੀ ਨਵੀਂ ਸੇਧ ਦੇਵੇਗੀ। ਕਲਾ ਦਾ ਵੱਡਾ ਮਨੋਰਥ ਏਹੋ ਹੈ ਕਿ ਉਹ ਆਦਿਮ ਰੂਪਾਂ ਦੇ ਲਘੂ ਬ੍ਰਹਿਮੰਡ ਅੰਦਰ ਸੁੰਗੜ ਕੇ ਬੈਠੀ ਅਨੰਤਤਾ ਦੇ ਅਨੁਭਵ ਨੂੰ ਪ੍ਰਕਾਸ਼ਮਾਨ ਕਰਕੇ ਸਾਡੀ ਪਹਿਚਾਣ ਉਸ ਪ੍ਰਚੰਡ ਸ਼ਕਤੀ ਨਾਲ ਕਰਾ ਦੇਵੇ, ਜੋ ਸਾਰੀ ਸਿਰਜਨਾ ਦੇ ਦਿਲ ਵਿਚ ਧੜਕ ਰਹੀ ਹੈ। ਬੀਬਾ ਬਲਵੰਤ ਦੀ ਕਲਮ ਵੀ ਇਸੇ ਦਿਸ਼ਾ ਵਿਚ ਅੱਗੇ ਵਧਦੀ ਹੈ। ਉਹ ਆਤਮ ਪ੍ਰਸੰਸਾ ਲਈ ਸਿਰਜਨਾ ਨਹੀਂ ਕਰ ਰਿਹਾ, ਉਹ ਤਾਂ ਆਤਮ-ਖੋਜ ਤੇ ਆਤਮ-ਪਛਾਣ ਦੇ ਲਈ ਯਤਨਸ਼ੀਲ ਹੈ।

ਕੁਲ ਮਿਲਾ ਕੇ ਬੀਬਾ ਬਲਵੰਤ ਦੀ ਕਲਮ ਪਰੰਪਰਾ ਅਤੇ ਸਮਕਾਲੀਨਤਾ ਨੂੰ ਸ਼ਾਇਰ ਦੀ ਅੱਖ ਤੋਂ ਵੇਖਦੀ ਹੈ। ਸਮਝਦੀ ਹੈ, ਵਿਸ਼ਲੇਸ਼ਿਤ ਕਰਦੀ ਹੈ ਅਤੇ ਕਾਵਿ-ਪੱਧਰ 'ਤੇ ਸਿਰਜਦੀ ਹੈ। ਸਰਲਤਾ ਤੋਂ ਜਟਿਲਤਾ, ਜਟਿਲਤਾ ਤੋਂ ਸਰਲਤਾ ਦਾ ਪੈਂਡਾ ਤੈਅ ਕਰਦਿਆਂ ਬੀਬਾ ਬਲਵੰਤ ਅਨੰਦ ਭਇਆ ਦੀ ਅਵਸਥਾ ਵਿਚ ਪਹੁੰਚ ਅਤੇ ਅੰਤਰਮਨ ਨਾਲ ਜੁੜ ਜਾਂਦਾ ਹੈ।

## ਕਥਾ ਸਰਾਪੇ ਬਿਰਖ਼ ਦੀ

ਧੁਰ ਜੜ੍ਹਾਂ ਤੋਂ ਲੈ ਕੇ
ਸਿਖ਼ਰ ਤੱਕ ਮੇਰੀ ਚਾਹਤ ਸੀ—
ਮਨ ਦੀ ਲੋੜ ਸੀ ਕੋਈ
ਇਸ ਦੀ ਥੋੜ ਸੀ ਕੋਈ—
ਕੋਈ ਗੀਤ ਮੇਰੀਆਂ ਟਾਹਣੀਆਂ 'ਤੇ ਗੂੰਜੇ—
ਕੋਈ ਲੈਅ ਜਿਹੀ ਫੁੱਟੇ
ਇਹ ਸੁੰਨਸਾਂ ਜਹੀ ਟੁੱਟੇ।

ਇਹ ਵੀ ਕੁਦਰਤ ਦਾ ਕਰਿਸ਼ਮਾ
ਜਾਂ ਤੇਰੀ ਹੀ ਮੇਹਰਬਾਨੀ
ਤੂੰ ਗੀਤ ਗਾਉਂਦੇ, ਚਹਿਕਦੇ ਪੰਛੀ ਦੀ ਤਰ੍ਹਾਂ—
ਮੇਰੀ ਇਕ ਟਾਹਣੀ 'ਤੇ ਆ ਬੈਠੀ।
ਮੇਰੇ ਵਜੂਦ ਵਿਚ
ਮਹਿਕ ਜਹੀ ਭਰ ਗਈ
ਮੇਰੇ ਆਸ ਪਾਸ ਪਸਰੀ
ਉਹ ਸੁੰਨਸਾਂ ਜਹੀ ਡਰ ਗਈ।

ਮੇਰੀ ਹਰ ਟਾਹਣੀ 'ਚੋਂ
ਕਰੂੰਬਲਾਂ ਫੁੱਟੀਆਂ
ਪੱਤੇ ਜੁਆਨ ਹੋਏ
ਫੁੱਲ ਖਿੜੇ
ਫਲ ਲੱਗੇ

ਮੈਂ ਮਹਿਕ ਮਹਿਕ ਹੋ ਕੇ
ਦਿਸਹੱਦੇ ਤੱਕ ਫੈਲਿਆ!

ਫੁੱਲਾਂ ’ਤੇ ਪਏ ਤਰੇਲ ਤੁਪਕੇ
ਸੂਰਜ ਨਾਲ ਬਾਤ ਕਰਦੇ
ਤੇਰੀ ਹੋਂਦ ਦਾ
ਤੇਰੇ ਗੀਤ ਦਾ
ਤੇਰੇ ਸੰਗੀਤ ਦਾ
ਦਮ ਭਰਦੇ।

—ਤੇ ਫੇਰ ਇਕ ਦਿਨ ਉਹ ਵੀ ਆਏਗਾ ਸ਼ਾਇਦ
(ਪਰ ਮੇਰਾ ਮਨ ਨਹੀਂ ਚਾਹੁੰਦਾ)
ਤੂੰ ਇਸ ਹਰੀ ਭਰੀ ਟਾਹਣੀ ’ਤੋਂ
ਅਚਾਨਕ ਹੀ ਉੱਡ ਜਾਣਾ,
ਉੱਸ ਪਿੱਛੋਂ ਜੋ ਹੋਣਾ ਹੈ
ਉਹ ਮੈਂ ਹੀ ਬੱਸ ਜਾਣਾ!

ਤੇਰੇ ਉਡਾਣ ਭਰਦਿਆਂ ਹੀ
ਹਰੀ ਕਚੂਰ ਫੁੱਲਾਂ ਲੱਦੀ ਟਾਹਣੀ
ਬੜਾ ਕੰਬੇਗੀ
ਥਰਥਰਾਏਗੀ
ਚੀਕੇਗੀ
ਕੁਰਲਾਏਗੀ
ਤੈਨੂੰ ਵਾਪਸ ਬੁਲਾਏਗੀ

ਫੁੱਲਾਂ ਤੋਂ ਤ੍ਰੇਲ ਚੋ ਕੇ
ਬੇ-ਬੱਸ ਜਹੀ ਹੋ ਕੇ
ਗਲ ਧਰਤੀ ਦੇ ਲੱਗ ਕੇ
ਬੜਾ ਹੀ ਰੋਏਗੀ!

—ਤੇ ਫਿਰ ਹੌਲੀ-ਹੌਲੀ
ਸਭ ਕੁਝ ਆਮ ਵਰਗਾ ਹੋ ਜਾਏਗਾ
(ਪਰ ਇੰਝ ਹੁੰਦਾ ਨਹੀਂ, ਹੋਣਾ ਨਹੀਂ)
ਰੁੱਖ ਟਾਹਣੀ ਨੂੰ ਸਮਝਾਏਗਾ
ਜੜ੍ਹ ਦਾ ਦੁੱਖ ਆਪਣੀ ਕੁੱਖ ਵਿਚ ਲੁਕਾਏਗਾ।

ਮੈਂ ਜੋ ਸਰਾਪਿਆ ਬਿਰਖ਼ ਹਾਂ
ਜਿਸ ਨੂੰ ਧੁਰ ਜੜ੍ਹਾਂ ਤੋਂ ਲੈ ਕੇ ਸਿਖ਼ਰ ਤੱਕ
ਤੇਰੀ ਚਾਹਤ ਹੈ—
ਚਹਿਕਦੇ ਗਾਉਂਦੇ ਪੰਛੀ ਦੀ
ਫਿਰ ਕਦੇ ਪਰਤਣ ਦੀ ਉਡੀਕ ਕਰਾਂਗਾ
ਤੇਰੇ ਗੀਤ ਦਾ
ਤੇਰੇ ਸੰਗੀਤ ਦਾ
ਸਦਾ ਹੀ ਦਮ ਭਰਾਂਗਾ।

—ਮੈਂ ਜੋ ਸਰਾਪਿਆ ਬਿਰਖ਼ ਹਾਂ।

•

## ਆਮਦ ਤੇਰੀ

ਬੜੀ ਦੇਰ ਤੋਂ ਇੰਝ ਲਗਦਾ ਸੀ
ਜਿਵੇਂ ਕਿ ਮੇਰੇ ਚਾਰ ਚੁਫ਼ੇਰੇ
ਪੱਥਰ ਦਾ ਇਕ ਗੁੰਬਦ ਘਿਰਿਆ।
ਗੁੰਬਦ-ਅੰਨ੍ਹਾ ਬੋਲ਼ਾ, ਨਾ ਕੋਈ ਬਾਰੀ
ਬੱਸ ਕਾਲੇ ਜਹੇ ਰੰਗ ਦੀ ਸੀ ਇਕ ਚਾਰ ਦੀਵਾਰੀ।
ਜਿਸ ਵਿਚ ਮੇਰਾ ਆਪਣਾ ਹੀ ਸਾਹ—
ਬੜਾ ਪਰਾਇਆ
ਅਕਸਰ ਸੋਚਾਂ ਕਿਥੋਂ ਆਇਆ।

ਮੇਰੀਆਂ ਸੋਚਾਂ ਬਰਫ਼ ਦੇ ਵਾਂਗੂੰ
ਜ਼ਿਹਨ 'ਚ ਜੰਮੀਆਂ
ਕਈ ਸਦੀਆਂ ਤੇ ਯੁੱਗਾਂ ਹੀ ਲੰਮੀਆਂ।
ਬੜੀ ਦੇਰ ਤੋਂ ਇੰਝ ਲਗਦਾ ਸੀ

ਬੜੀ ਦੇਰ ਤੋਂ ਇੰਝ ਲਗਦਾ ਸੀ
ਇਸ ਗੁੰਬਦ ਵਿਚ ਭੁੱਲ ਗਿਆ ਹਾਂ
ਸੂਰਜ ਦੀ ਕੀ ਲੋਅ ਹੁੰਦੀ ਹੈ
ਚਾਨਣੀਆਂ ਰਾਤਾਂ ਦਾ ਜਾਦੂ
ਹਰੀ ਕਰੂੰਬਲ ਫੁੱਟਦੀ ਕਦ ਹੈ
ਹਰੀ ਕਰੂੰਬਲ ਫੁੱਟਦੀ ਜਦ ਹੈ
ਉਸ ਦੀ ਕਿੰਝ ਦੀ ਛੋਹ ਹੁੰਦੀ ਹੈ
ਬੜੀ ਦੇਰ ਤੋਂ ਇੰਝ ਲੱਗਦਾ ਸੀ।

ਤੇਰੀ ਆਮਦ ਤਰੇੜ ਦੇ ਵਾਂਗੂੰ
ਇਸ ਗੁੰਬਦ ਵਿਚ ਆ ਗਈ ਅੜੀਏ
ਸੂਰਜ ਦੀ ਲੋਅ
ਫੁੱਲ ਦੀ ਖ਼ੁਸ਼ਬੂ
ਰਾਤ ਚਾਨਣੀ
ਸਭ ਹੀ ਚਾਹੁੰਦੇ, ਸਭ ਤੋਂ ਪਹਿਲਾਂ
ਇਸ ਗੁੰਬਦ ਵਿਚ ਜਾ ਹੀ ਵੜੀਏ।

ਮੈਂ ਚਾਹੁੰਦਾ ਹਾਂ ਤਰੇੜ ਫੈਲ ਕੇ
ਗੁੰਬਦ ਟੁੱਕੜੇ-ਟੁੱਕੜੇ ਹੋ ਕੇ
ਅੰਬਰ ਵਾਂਗੂੰ ਬਿਖਰ ਜਾਏ।
ਚਾਨਣ ਦੀਆਂ ਕਿਰਨਾਂ ਦੇ ਵਾਂਗੂੰ
ਫੁੱਲ ਦੀਆਂ ਖ਼ੁਸ਼ਬੂਆਂ ਵਾਂਗੂੰ
ਹਰੇ ਪੱਤੇ ਦੀਆਂ ਛੋਹਾਂ ਵਾਂਗੂੰ
ਮੈਂ ਵੀ ਸਭ ਕੁਝ ਮਾਣ ਲਵਾਂ ਬੱਸ
ਤੇ ਜ਼ਿੰਦਗੀ ਨੂੰ ਨੇੜੇ ਹੋ ਕੇ
ਕੁਝ ਨਾ ਕੁਝ ਤਾਂ ਜਾਣ ਲਵਾਂ ਬੱਸ।

ਤੇਰੀ ਆਮਦ ਤਰੇੜ ਦੇ ਵਾਂਗੂੰ
ਇਸ ਗੁੰਬਦ ਵਿਚ ਆ ਗਈ ਅੜੀਏ
ਬੜੀ ਦੇਰ ਤੋਂ ਇੰਝ ਲੱਗਦਾ ਸੀ
ਜਿਵੇਂ ਕਿ ਮੇਰੇ ਚਾਰ ਚੁਫੇਰੇ
ਪੱਥਰ ਦਾ ਇਕ ਗੁੰਬਦ ਘਿਰਿਆ।

•

## ਰਿਸ਼ਤਾ-ਦਰ-ਰਿਸ਼ਤਾ

ਦੱਸ ਮੈਂ ਤੈਨੂੰ ਕਿਵੇਂ ਪੁਕਾਰਾਂ
ਅਕਸਰ ਮਨ ਵਿਚ ਇਹੋ ਵਿਚਾਰਾਂ।
ਤੇਰੇ ਹੱਥਾਂ ਦੀਆਂ ਤਲੀਆਂ ਦੀ ਇਸ ਕੂਲੀ ਛੋਹ 'ਚੋਂ
ਚਿਰਾਂ ਤੋਂ ਵਿਛੜੀ ਆਣ ਮਿਲੇ ਜਿਉਂ
ਲਾਡਾਂ ਪਾਲੀ ਧੀ ਆਪਣੀ ਦਾ ਮੂੰਹ ਦਿੱਸਦਾ ਹੈ।
ਤੇਰੀ ਲਾਡ ਭਰੀ ਬੁੱਕਲ 'ਚੋਂ
ਮਾਵਾਂ ਵਰਗਾ ਨਿੱਘ ਮਿਲਦਾ ਹੈ।

ਕੋਈ ਬੀਤਿਆ ਸਮਾਂ ਨਹੀਂ ਹੈਂ
ਨਾ ਹੀ ਆਵਣ ਵਾਲਾ ਕੱਲ੍ਹ ਤੂੰ,
ਹੁਣ ਜੋ ਕੁਝ ਵੀ ਵਾਪਰਦਾ ਹੈ
ਉਹੀਓ ਇਕ ਸਦੀਵੀ ਪਲ ਤੂੰ,
ਜਿਸ ਵਿਚ ਆਪਣੇ ਨਕਸ਼ ਪਛਾਣਾ,
ਨੀਲੀ ਨਿਰਮਲ ਝੀਲ ਦਾ ਜਲ ਤੂੰ।

ਜਿਸਮਾਂ ਦੀ ਪਰਿਭਾਸ਼ਾ ਤੋਂ ਤਾਂ ਮੈਂ ਅਣਜਾਣਾ
ਮੈਂ ਤਾਂ ਮਨ ਦੇ ਸਿੱਧੇ ਸਾਦੇ ਰਾਹ ਪਛਾਣਾ।
ਮੇਰੇ ਮਨ ਦਾ ਜਦ ਕੋਈ ਰਸਤਾ
ਦੂਰ ਖ਼ਲਾਅ ਵਿਚ ਮੁੱਕਦਾ ਜਾ ਕੇ

ਉਥੇ ਹੀ ਕੋਈ ਸੂਰਜ ਵਰਗਾ
ਰਿਸ਼ਤਾ ਅਕਸਰ ਉੱਗਦਾ ਆ ਕੇ।

ਸੂਰਜ ਮੇਰੀ ਮਾਂ ਦਾ ਹਾਣੀ
ਸੂਰਜ ਹੀ ਮੇਰੀ ਹੋਂਦ ਪਛਾਣੀ
ਸੂਰਜ ਮੇਰਾ ਲਾਡਾਂ ਪਲਿਆ
ਤੋਤਲੀਆਂ ਜਿਹੀਆਂ ਗੱਲਾਂ ਕਰਦਾ
ਸੂਰਜ ਹੀ ਮਹਿਬੂਬ ਜਿਹਾ ਹੋ
ਹੋਂਦ ਮੇਰੀ ਵਿਚ ਨਿੱਘ ਹੈ ਭਰਦਾ।

ਦੱਸ ਮੈਂ ਤੈਨੂੰ ਕਿਵੇਂ ਪੁਕਾਰਾਂ
ਅਕਸਰ ਮਨ ਵਿਚ ਇਹੋ ਵਿਚਾਰਾਂ।

•

## ਤਿੰਨ ਕੰਢਿਆਂ ਵਾਲਾ ਦਰਿਆ

ਵਰ੍ਹਿਆਂ ਤੋਂ
ਅਸੀਂ ਭਰੇ ਭਰਾਏ, ਵਗਦੇ ਆਏ ਸਾਂ
ਆਪਣੀ ਆਪਣੀ ਥਾਵੇਂ
ਪਹਾੜ, ਜੰਗਲ ਤੇ ਮਿੱਟੀ ਨੂੰ ਖੋਰਦੇ।

ਕਦੇ ਚੌੜੇ ਹੁੰਦੇ,
ਕਦੇ ਸੌੜੇ ਹੁੰਦੇ।
ਵਗਦੇ ਆਏ ਸਾਂ
ਆਪਣੇ ਆਪਣੇ
ਦੁੱਖ ਸੁੱਖ ਦੇ ਪਾਣੀਆਂ ਨਾਲ ਭਰੇ।

ਹੌਲੀ-ਹੌਲੀ ਸਾਡੇ ਦਰਮਿਆਨ,
ਜੰਗਲ ਮੁੱਕਦਾ ਗਿਆ
ਮਿੱਟੀ ਖੁਰਦੀ ਗਈ
ਫ਼ਾਸਲਾ ਘਟਦਾ ਗਿਆ।

ਇਕ ਦਿਨ ਸਾਡੇ ਵਿਚਕਾਰ
ਸਿਰਫ਼ ਗਿੱਲੀ ਮਿੱਟੀ ਦੀ
ਪਤਲੀ ਜਹੀ ਲੀਕ ਹੀ ਬਚੀ।

ਅਸੀਂ ਸਿੰਮ-ਸਿੰਮ ਕੇ
ਇਕ ਦੂਜੇ ਦੇ ਪਾਣੀਆਂ ਨੂੰ
ਮਿਲਦੇ ਰਹੇ
...ਤੇ ਇੱਕੋ ਹੀ ਦਰਿਆ
ਹੋਣ ਦੇ ਅਹਿਸਾਸ ਨਾਲ
...ਦੂਰ ਤੱਕ ਵਗਦੇ ਰਹੇ...

•

## ਗ਼ੈਰ-ਮੁਆਫ਼ਿਕ ਬੰਦਾ

ਉਸ ਦਾ ਕੀ ਹੈ
ਉਸ ਦੀ ਕਥਾ ਤਾਂ ਦੋ ਸ਼ਬਦਾਂ ਵਿਚ ਮੁੱਕ ਜਾਣੀ ਹੈ।
ਐਵੇਂ ਇਕ ਭਾਵੁਕ ਜਿਹਾ ਬੰਦਾ,
ਕਥਾ ਕਹਾਣੀ, ਕਵਿਤਾ ਸ਼ਵਿਤਾ,
ਨਾਟਕ ਛਾਟਕ ਲਿਖਦਾ ਰਹਿੰਦਾ।
ਜੋ ਕੁਝ ਕਦੇ ਨਾ ਹੋਇਆ
ਸਾਨੂੰ ਕਰਨ ਨੂੰ ਕਹਿੰਦਾ।

ਚੰਗੇ ਭਲੇ ਬਣੇ ਰਾਹਾਂ ਨੂੰ ਨਿੰਦ ਕੇ
ਔਕੜ ਭਰੇ ਤੇ ਅਣਜਾਣੇ ਰਾਹਾਂ 'ਤੇ
ਚਲਣ ਦੇ ਅੰਦਾਜ਼ ਸਿਖਾਉਂਦਾ
ਨ੍ਹੇਰੇ ਵਿਚ ਰਹਿੰਦੇ ਖ਼ੁਸ਼ ਬੰਦਿਆਂ ਨੂੰ
ਚਾਨਣ ਦੀ ਕੋਈ ਲੀਕ ਵਿਖਾ ਕੇ ਰਹੇ ਡਰਾਉਂਦਾ
ਤੇ ਬੁੱਧੀਜੀਵੀ ਅਖਵਾਉਂਦਾ।

ਅਸੀਂ ਲੋਕ ਹਾਂ ਬੀਬੇ ਰਾਣੇ
ਪੀੜ੍ਹੀ-ਦਰ-ਪੀੜ੍ਹੀ ਜੋ ਮਿਲਿਆ
ਸ਼ੁਕਰ ਮਨਾਈਏ

ਏਧਰ ਉਧਰ ਜੋ ਹੁੰਦਾ ਹੈ
ਉਸਨੂੰ ਅਣਡਿੱਠਿਆ ਹੀ ਕਰ ਕੇ
ਪਰਦਾ ਪਾਈਏ
ਆਂਢ-ਗੁਆਂਢ ਦੀ ਸੁੱਖ ਮਨਾਈਏ
ਤੇ ਸਾਊ ਬੰਦੇ ਅਖਵਾਈਏ।

ਸਾਡੀ ਕਥਾ ਤਾਂ ਜੁੱਗ-ਜੁੱਗ ਜੀਣੀ
ਕਿਸੇ ਪੱਖ ਤੋਂ ਨਹੀਂ ਇਹ ਹੀਣੀ।

ਉਸ ਦੀ ਕਥਾ ਤਾਂ
ਦੋ ਸ਼ਬਦਾਂ ਵਿਚ ਮੁੱਕ ਜਾਣੀ ਹੈ
ਉਸਦਾ ਕੀ ਹੈ ਉਹ ਤਾਂ
ਐਵੇਂ ਇਕ ਭਾਵੁਕ ਜਿਹਾ ਬੰਦਾ

ਜੋ ਜੀ ਆਵੇ ਬੋਲੀ ਜਾਵੇ
ਚੰਗਾ, ਮੰਦਾ, ਗੰਦਾ।
ਉਸ ਦਾ ਕੀ ਹੈ...

•

## ਤੁਹਾਡੇ ਬਿਨਾਂ

ਓ ਨਦੀਓ!
ਮੇਰੀਓ ਭੈਣੋਂ, ਧੀਓ, ਮੁਹੱਬਤੋ।

ਦਰਿਆਓ!
ਮੇਰੇ ਪੁੱਤਰੋ, ਭਰਾਓ।

ਨੀ ਘਟਾ ਕਾਲੀਏ!
ਮੇਰੇ ਘਰ ਵਾਲੀਏ।

ਨੀ ਹਵਾਏ!
ਮੇਰੀਏ ਮਾਏ।

ਜੰਗਲ ਬੇਲਿਓ!
ਯਾਰ ਅਲਬੇਲਿਓ।

ਓ ਪਹਾੜੋ!
ਮੇਰੇ ਪਿੱਤਰੋ, ਮੇਰੇ ਮਿੱਤਰੋ।

ਬਰਫ਼ ਦੇ ਤੋਂਦਿਓ!
ਮੇਰੇ ਦੋਹਤਿਓ,
ਮੇਰੇ ਪੋਤਿਓ।

ਓ ਚੰਨ ਤਾਰਿਓ!
ਮੇਰੇ ਪਿਆਰਿਓ।

ਓ ਬਾਪੂ ਸੂਰਜਾ!
ਮੇਰੀ ਊਰਜਾ।

...ਜੇ ਤੁਸੀਂ ਨਾ ਹੁੰਦੇ
ਮੈਂ ਖ਼ਾਲੀ ਸੱਖਣਾ
ਟੋਆ ਹੀ ਰਹਿਣਾ ਸੀ
ਮੈਨੂੰ ਸਮੁੰਦਰ
ਕਿਸ ਨੇ ਕਹਿਣਾ ਸੀ।

•

## ਉਹ ਮੇਰੇ ਅੰਦਰ

ਉਹ ਮੇਰੇ ਅੰਦਰ
ਕਵਿਤਾ ਦੀ ਜੋਤ ਜਗਾ ਕੇ
ਅਚਾਨਕ ਹੀ
ਹਨੇਰੇ ਜੰਗਲ ਵਿਚ
ਗੁੰਮ ਹੋ ਗਈ।
ਮੈਂ ਉਸ ਜੋਤ
ਦੇ ਸਹਾਰੇ ਹੀ
ਉਸ ਨੂੰ
ਲੱਭਦਾ ਫਿਰਦਾਂ।

•

## ਗੁਫ਼ਤਗੂ

"ਲਗਦੈ ਉਸ ਨੇ
ਮੈਨੂੰ ਬਹੁਤੀ ਦੇਰ
ਜਿਊਂਦੀ ਨਹੀਂ ਰਹਿਣ ਦੇਣਾ।"

"ਤੂੰ ਕਿਹੜਾ ਉਸ ਨੂੰ
ਜਿਊਣ ਜੋਗਾ
ਛੱਡ ਕੇ ਆਈ ਸੀ।"

•

## ਉਡੀਕ

ਪਤਾ ਹੈ ਮੈਨੂੰ
ਤੂੰ ਕਿਥੇ ਰਹਿੰਦੀ ਏਂ
ਇਸ ਦੇ ਬਾਵਜੂਦ
ਮੈਂ ਉਥੇ
ਚੀਕ ਬੁਲਬੁਲੀ
ਮਾਰਨ ਨਹੀਂ ਆਉਣਾ।

ਮੈਂ ਤਾਂ
ਮੁਸਕਰਾਹਟ ਨਾਲ
ਜੀ ਆਇਆਂ ਕਹਿਣਾ ਹੈ
ਉਸ ਘਰ ਦੇ ਦਰਵਾਜ਼ੇ 'ਤੇ
ਜੋ ਤੈਨੂੰ
ਵਰ੍ਹਿਆਂ ਤੋਂ ਉਡੀਕ ਰਿਹਾ ਹੈ।

•

## ਦੁਬਿਧਾ

ਜਿਨ੍ਹਾਂ ਦੀ ਨਜ਼ਰ
ਮਹਿਦੂਦ ਰਹੀ ਤੇਰੇ ਜਿਸਮ ਤੱਕ
ਨੈਣ ਨਕਸ਼
ਕੱਦ ਬੁੱਤ ਹੀ
ਪਰਖਦੇ ਰਹੇ ਤੇਰੇ
ਤੂੰ ਚਾਹੁੰਦੀ ਨਾ ਚਾਹੁੰਦੀ
ਉਹਨਾਂ ਨਾਲ ਹੀ ਤੁਰ ਗਈ

ਜਿਸ ਨੇ ਸੁਣਿਆ
ਤੇਰੇ ਅਧੂਰੇ ਸੁਫ਼ਨਿਆਂ ਦਾ ਵਿਰਲਾਪ
ਤੜਫਦੇ ਮਨ ਦੀ ਵੇਦਨਾ
ਰੂਹ ਦੀ ਕੁਰਲਾਹਟ
ਚਾਹੁੰਦੀ ਨਾ ਚਾਹੁੰਦੀ
ਉਸ ਨੂੰ ਵੀ ਛੱਡ ਤੁਰੀ
ਤੇਰੀ ਦੁਬਿਧਾ ਹੀ
ਤੈਨੂੰ ਲੈ ਬੈਠੀ
ਨਾਲ ਮੈਨੂੰ ਵੀ।

•

## ਨੀਵੇਂ ਥਾਂ 'ਤੇ ਖਲੋਤਾ

ਨੀਵੇਂ ਥਾਂ 'ਤੇ ਖਲੋਤਾ
ਅੱਡੀਆਂ ਚੱਕ-ਚੱਕ
ਮੈਂ ਤੈਨੂੰ ਉਡੀਕਦਾ
ਪਹਾੜੋਂ ਉਤਰਦੀਏ ਨਦੀਏ !!
ਉਂਝ ਕਹਿਣ ਨੂੰ
ਮੈਂ ਸਮੁੰਦਰ।

•

## ਗੱਡੀ ਚੜ੍ਹਨ ਦੀ ਕਾਹਲ 'ਚ

ਗੱਡੀ ਚੜ੍ਹਨ ਦੀ
ਕਾਹਲ 'ਚ
ਤੂੰ ਆਪਣਾ ਜਿਸਮ ਲੈ ਗਈ
ਮਨ ਛੱਡ ਗਈ।
ਵਰ੍ਹਿਆਂ ਤੋਂ
ਸੰਭਾਲੀ ਬੈਠਾਂ ਤੇਰਾ ਮਨ
ਉਸੇ ਜਗ੍ਹਾ 'ਤੇ।
ਅਕਸਰ ਸੋਚਦਾਂ
ਮਨ ਤੋਂ ਬਿਨਾਂ
'ਕੱਲੇ ਜਿਸਮ ਦਾ
ਕੀ ਕਰਦੀ ਹੋਵੇਗੀ ?

•

## ਸਾਊ ਕੁੜੀਆਂ

ਸਾਊ ਕੁੜੀਆਂ
ਆਪਣੀ ਹੀ ਕੱਚੀ ਮਿੱਟੀ ਨਾਲ
ਲੜਦੀਆਂ-ਲੜਦੀਆਂ ਭੁਰ ਜਾਂਦੀਆਂ
ਆਪਣੇ ਪਿਆਰ ਨੂੰ
ਪੈਰਾਂ ਹੇਠ ਮਧੋਲ ਕੇ
ਉਮਰ ਦੇ ਪਿਆਲੇ 'ਚ
ਜ਼ਹਿਰ ਘੋਲ ਕੇ
ਆਪਣੇ ਬਾਬਲ ਦੀ ਸਹੇੜ ਨਾਲ
ਡੁੱਸ-ਡੁੱਸ ਕਰਦੀਆਂ ਤੁਰ ਜਾਂਦੀਆਂ।

ਸਾਊ ਕੁੜੀਆਂ
ਆਪਣੇ ਹੀ
ਹੰਝੂਆਂ 'ਚ ਖੁਰ ਜਾਂਦੀਆਂ।

ਸਾਊ ਕੁੜੀਆਂ
ਪਿਓ, ਭਰਾ, ਪਤੀ ਦੀ
ਛਾਂ 'ਚ ਹੀ ਜਿਊਂਦੀਆਂ ਮਰਦੀਆਂ
ਰੌਸ਼ਨੀ ਦੀ ਨਿੱਕੀ ਜਹੀ
ਕਿਰਨ ਤੋਂ ਵੀ ਡਰਦੀਆਂ।

ਸਾਊ ਕੁੜੀਆਂ
ਬੁੱਲ੍ਹ ਘੁੱਟ-ਘੁੱਟ ਹੱਸਦੀਆਂ
ਉਜੜਨ ਦੇ ਡਰੋਂ
ਡਰ-ਡਰ ਵਸਦੀਆਂ
ਬੇਗਾਨੇ ਘਰਾਂ ਵਿਚ।
ਮਨ ਦੀ ਉਡਾਰੀ
ਘੁੱਟ ਕੇ ਆਪਣੇ ਪਰਾਂ ਵਿਚ।

ਸਾਊ ਕੁੜੀਆਂ
ਮਨ ਦੇ ਜ਼ਖ਼ਮ ਲੁਕਾਉਂਦੀਆਂ
ਤਨਾਂ ਨੂੰ ਰੇਸ਼ਮੀ ਵਸਤਰਾਂ
ਗਹਿਣਿਆਂ ਨਾਲ ਸਜਾਉਂਦੀਆਂ
ਝੂਠਾ ਮੂਠਾ ਜੀਅ ਪਰਚਾਉਂਦੀਆਂ।

ਸਾਊ ਕੁੜੀਆਂ
ਉੱਚਾ ਨਹੀਂ ਬੋਲਦੀਆਂ
ਤਪਦੀ ਭੱਠੀ 'ਚ ਪਈ ਕੜਾਹੀ ਦੀ
ਤੱਤੀ ਰੇਤ 'ਚ
ਆਪਣੇ ਆਪ ਨੂੰ ਰੋਲਦੀਆਂ।

ਸਾਊ ਕੁੜੀਆਂ
ਪਿਓ ਦੀ ਪੱਗ ਬਚਾਉਂਦੀਆਂ
ਹੋ ਜਾਂਦੀਆਂ ਲੀਰੋ ਲੀਰ
ਹੋ ਜਾਂਦੀਆਂ ਤਬਾਹ
ਭਟਕਦੀਆਂ ਫਿਰਦੀਆਂ
ਜਿਵੇਂ ਸਿਵਿਆਂ ਦੀ
ਉੱਡਦੀ ਸੁਆਹ।
ਸਾਊ ਕੁੜੀਆਂ ਦਾ
ਪੇਕਾ ਜਾਂ ਸਹੁਰਾ ਘਰ ਹੁੰਦਾ
ਬੇਗਾਨਾ ਦਰ ਹੁੰਦਾ।

ਸਾਊ ਕੁੜੀਓ!
ਕਦੋਂ ਆਪਣੀਆਂ ਅੱਖਾਂ 'ਚ
ਵਸਦੇ ਸੁਪਨਿਆਂ ਨੂੰ
ਧਰਤੀ 'ਤੇ ਲਿਆਉਣਾ ਹੈ?
ਮੱਥੇ ਦੀ ਜੋਤ ਨੂੰ
ਕਦੋਂ ਜਗਾਉਣਾ
ਆਪਣਾ ਘਰ ਕਦੋਂ
ਬਣਾਉਣਾ ਹੈ???

•

## ਕਵਿਤਾ

ਕਵਿਤਾ
ਇਨਾਮ-ਸਨਮਾਨ ਲਈ
ਨਹੀਂ ਲਿਖੀ
ਸਿਰਫ਼ ਤੇਰੇ ਲਈ ਹੀ ਹੈ।

•

## ਉਸ ਦੀ ਦੇਹੀ

ਉਸ ਦੀ ਦੇਹੀ
ਮੇਰੇ ਕੋਲੋਂ ਵਿਛੜ ਗਈ
...ਪਰ ਕਵਿਤਾ ਬਣ ਕੇ
ਪਰਤ ਆਈ
ਸਾਰੀ ਉਮਰ
ਮੇਰੇ ਨਾਲ ਰਹੀ
...ਤੇ ਮੈਥੋਂ ਬਾਅਦ ਵੀ।

•

## ਤੈਨੂੰ ਏਨਾ

ਤੈਨੂੰ ਏਨਾ
ਯਾਦ ਕਰ ਲਿਐ
ਦੁਹਰਾਅ ਲਿਐ
ਸਮਝ ਲਿਐ
ਜਦੋਂ ਤੂੰ ਧਰਤੀ 'ਤੇ
ਨਹੀਂ ਰਹੇਂਗੀ
ਮੈਂ ਪੰਜ ਤੱਤਾਂ 'ਚ ਵੀ
ਤੈਨੂੰ ਪਛਾਣ ਲਵਾਂਗਾ।

•

# ਜਦੋਂ ਸਮੁੰਦਰ ਨੂੰ

ਜਦੋਂ ਸਮੁੰਦਰ ਨੂੰ
ਪਈ ਕਨਸੋਅ

ਪਹਾੜ, ਜੰਗਲ
ਮਿੱਟੀ ਖੋਰਦੀ
ਨਦੀ ਪਹੁੰਚਣ ਹੀ ਵਾਲੀ ਹੈ
ਉਸ ਕੋਲ।

ਉਸ ਤੋਂ
ਚਾਅ ਸਾਂਭ ਨਾ ਹੋਇਆ
ਚੰਭਲਿਆ ਉਛਲਿਆ
ਦੌੜਿਆ ਦੂਰ ਤੱਕ
ਲੈ ਲਿਆ ਜਾ ਕੇ
ਕਲਾਵੇ ਵਿਚ

ਹੱਸਦੀ, ਗਾਉਂਦੀ
ਚਹਿਕਦੀ ਨਦੀ ਨੂੰ।

ਦੋਹੇਂ ਚੁੱਪ ਸ਼ਾਂਤ
ਆਨੰਦ ਨਾਲ
ਭਰੇ ਹੋਏ।

•

## ਬੋਲਿਆ ਤੇਰਾ ਇਕ ਪਲ ਵਿਚ

ਬੋਲਿਆ
ਤੇਰਾ ਇਕ ਪਲ ਵਿਚ
ਇਕ ਸ਼ਬਦ
ਅਲਵਿਦਾ
ਮੇਰੀ ਸਾਰੀ ਉਮਰ ਵਿਚ
ਉਡੀਕ ਬਣ ਕੇ
ਫੈ...ਲ...ਗਿਆ।

•

## ਉਹਨਾਂ ਰਾਹਾਂ ’ਤੇ

ਉਹਨਾਂ ਰਾਹਾਂ ’ਤੇ
ਉਡੀਕਦਾ ਰਿਹਾ ਤੈਨੂੰ
ਜਿਨ੍ਹਾਂ ਰਾਹਾਂ ਤੋਂ ਤੂੰ
ਆਉਣਾ ਹੀ ਨਹੀਂ ਸੀ

ਚੰਗਾ ਹੁੰਦਾ
ਉਹਨਾਂ ਰਾਹਾਂ ’ਤੇ ਰੋਕਦਾ
ਜਿਨ੍ਹਾਂ ਰਾਹਾਂ ’ਤੇ ਤੂੰ ਗਈ ਸੀ।

•

## ਉਹ ਮੇਰੇ 'ਤੇ

ਉਹ ਮੇਰੇ 'ਤੇ
ਛਾ ਗਈ
ਮੈਂ
ਦੁਨੀਆਂ 'ਤੇ
ਛਾ ਗਿਆ।

•

## ਤਲਾਸ਼

(ਨਵਰੂਪ ਕੌਰ ਲਈ)

ਜਿਨ੍ਹਾਂ ਨੂੰ ਦੇਖ ਕੇ
ਫੁੱਲ ਖਿੜਦੇ ਨੇ
ਵਹਿੰਦੀਆਂ ਨਦੀਆਂ ਰੁਕਦੀਆਂ

ਜਿਨ੍ਹਾਂ ਨੂੰ ਯਾਦ ਕਰ ਕੇ
ਆਉਂਦੀ ਹੈ
ਬੁੱਲ੍ਹਾਂ 'ਤੇ ਮੁਸਕਾਨ

ਬਿਨਾਂ ਬੱਦਲਾਂ ਤੋਂ
ਹੁੰਦੀ ਬਰਸਾਤ

ਜਿਹੜੇ ਜਦੋਂ ਹੱਸਦੇ
ਫਲ ਰਸਦੇ

ਰੱਬ ਜਿਹੇ ਲੱਗਦੇ
ਉਹ ਤੁਹਾਡੇ
ਨੇੜੇ-ਤੇੜੇ ਹੀ ਨੇ ਕਿਤੇ

ਮਨ ਵਾਂਗ
ਰੂਹ ਵਾਂਗ
ਰਗਾਂ 'ਚ ਵਹਿੰਦੇ
ਲਹੂ ਵਾਂਗ
ਆਉਂਦੇ ਜਾਂਦੇ
ਸਾਹ ਵਾਂਗ
ਘਰ ਨੂੰ ਆਉਂਦੇ
ਰਾਹ ਵਾਂਗ।

•

## ਪੂਰਾ ਸੂਰਜ

ਸ਼ਾਇਦ ਮੈਨੂੰ ਯਾਦ ਹੋਵੇਗਾ
ਜਦ ਮੈਂ ਤੈਥੋਂ ਧੁੱਪ ਦੀ
ਇਕ ਕਿਰਨ ਮੰਗੀ ਸੀ
ਸਦੀਆਂ ਤੋਂ ਠਰਦੀ ਮੇਰੀ ਰੂਹ
ਕਿੰਨਾ ਸੰਗੀ ਸੀ
ਜਦ ਤੂੰ
ਪੂਰੇ ਦਾ ਪੂਰਾ ਸੂਰਜ
ਮੇਰੀ ਝੋਲੀ ਪਾ ਦਿੱਤਾ।

•

## ਕਿਤੇ ਨਹੀਂ ਜਾਂਦਾ

ਸਮੁੰਦਰ ਕਿਤੇ ਨਹੀਂ ਜਾਵੇਗਾ
ਸਮੁੰਦਰ ਕਿਧਰੇ ਵੀ ਨਹੀਂ ਜਾਂਦਾ

ਪਰਿੰਦਿਆਂ, ਚਰਿੰਦਿਆਂ
ਬਰਫ਼ ਬਿਰਖ, ਬੰਦਿਆਂ
ਦੇ ਰੂਪ ਵਿਚ
ਸਮੁੰਦਰ ਮੁੜ-ਮੁੜ ਆਪਣੇ ਘਰ ਪਰਤਦਾ ਹੈ।

ਸਮੁੰਦਰ ਜਾਂਦਾ ਵੀ ਹੈ
ਨਹੀਂ ਵੀ ਜਾਂਦਾ।

ਸਮੁੰਦਰ ਤਿੰਨ ਕਾਲਾਂ ਵਿਚ
ਮੌਜੂਦ ਹੈ
ਹੈ ਸੀ, ਹੈ ਵੀ ਤੇ ਹੋਵੇਗਾ ਵੀ
ਇਕ ਜਗ੍ਹਾ ਵੀ,
ਸਭ ਜਗ੍ਹਾ ਵੀ।

ਸਮੁੰਦਰ ਕਿਧਰੇ ਨਹੀਂ ਜਾਂਦਾ
ਸਮੁੰਦਰ ਕਿਤੇ ਨਹੀਂ ਜਾਵੇਗਾ।
ਸਮੁੰਦਰ ਮੁੜ-ਮੁੜ ਆਪਣੇ ਘਰ ਪਰਤਦਾ ਹੈ।

•

## ਸਮੇਂ ਦਾ ਖੂਹ

ਸਮੇਂ ਦਾ ਖੂਹ
ਦਿਨ ਰਾਤ ਗਿੜਦਾ

ਟਿੰਡਾਂ ਭਰ-ਭਰ ਆਉਂਦੀਆਂ
ਧਰਤੀ ਦੀ ਤੇਹ ਬੁਝਾਉਂਦੀਆਂ
ਰੌਣਕ ਮੇਲਾ ਲਾਉਂਦੀਆਂ
ਖਾਲੀ ਹੋ ਕੇ ਮੁੜਦੀਆਂ
ਭਰ ਕੇ ਫਿਰ ਮੁੜ ਆਉਂਦੀਆਂ

ਨਾ ਪਾਣੀ ਮੁਕਦਾ
ਨਾ ਖੂਹ ਗਿੜਨੋ ਰੁਕਦਾ

ਸਮੇਂ ਦਾ ਖੂਹ
ਦਿਨ ਰਾਤ ਗਿੜਦਾ।

•

# ਰਿਸ਼ਤੇ

ਰਿਸ਼ਤੇ
ਗਿੱਲੀ ਮਿੱਟੀ ਦੀ
ਖੇਡ ਵਾਂਗ ਹੁੰਦੇ ਨੇ

ਮਿੱਟੀ ਨੂੰ
ਹਾਸੇ ਦੀਆਂ ਫੁਹਾਰਾਂ ਨਾਲ
ਹੰਝੂਆਂ ਦੀਆਂ ਧਾਰਾਂ ਨਾਲ
ਗੁੰਨਦੇ ਜਾਓ, ਗੋਂਹਦੇ ਜਾਓ
ਆਪਣੇ ਨਿੱਘੇ ਪੋਟਿਆਂ ਨਾਲ
ਇਸ ਦੇ ਨਾਲ ਸੰਵਾਦ ਰਚਾਓ
ਧਿਆਨ ਲਗਾਓ

ਇਕ ਦਿਨ ਇਹ ਗਿੱਲੀ ਮਿੱਟੀ
ਕੋਈ ਨਾ ਕੋਈ ਰੂਪ ਲੈ ਲਵੇਗੀ
ਚੁੱਪ ਚਾਪ, ਖ਼ਾਮੋਸ਼

ਉਸ ਰੂਪ ਨੂੰ
ਕੋਈ ਨਾਂਅ ਦੇ ਦੇਵੋ
ਨਾਂ ਨਾ ਵੀ ਦੇਵੋ
ਉਸ ਰੂਪ ਨਾਲ ਕੋਈ ਵੀ
ਰਿਸ਼ਤਾ ਬਣਾ ਲਓ
ਨਿਭੇ ਤਾਂ ਜਿੰਨੀ ਦੇਰ
ਮਰਜ਼ੀ ਨਾਲ ਨਿਭਾਓ
ਨਹੀਂ ਤਾਂ ਉਸ ਨੂੰ
ਫੇਰ ਮਿੱਟੀ ਵਿਚ ਮਿਲਾਓ

ਰਿਸ਼ਤੇ
ਗਿੱਲੀ ਮਿੱਟੀ ਦੀ
ਖੇਡ ਹੀ ਤਾਂ ਹੁੰਦੇ ਨੇ।

•

## ਸਹਿਜ ਹੋ ਜਾ

ਕਾਹਲੀ ਨਾ ਕਰ
ਸਹਿਜ ਹੋ ਜਾ
ਮੀਂਹ ਸਾਉਣ ਭਾਦੋਂ 'ਚ ਹੀ ਬਰਸੇਗਾ
ਠੰਢ
ਪੋਹ ਮਾਘ 'ਚ ਹੀ ਆਏਗੀ
ਗਰਮੀ
ਜੇਠ ਹਾੜ ਵਿਚ।

ਤੂੰ ਜਿਥੇ ਵੀ ਹੈਂ
ਜਿਸ ਹਾਲ 'ਚ ਵੀ ਹੈਂ
ਆਨੰਦ ਮਾਣ
ਉਤਸਵ ਮਨਾ
ਕਾਹਲੀ ਨਾ ਕਰ
ਸਹਿਜ ਹੋ ਜਾ

ਸਾਰੀਆਂ ਰੁੱਤਾਂ ਤੇਰੇ ਅੰਦਰ
ਚੁੱਪ ਚਾਪ ਆਉਣਗੀਆਂ
ਤੇਰੇ ਨਾਲ ਰਲ ਕੇ
ਆਪ ਜਸ਼ਨ ਮਨਾਉਣਗੀਆਂ

ਬਸ ਸਹਿਜ ਹੋ ਜਾ
ਕਾਹਲੀ ਨਾ ਕਰ।

•

## ਫ਼ਰੇਬੀ ਖ਼ਤ

ਕਈ ਵਾਰ
ਖ਼ਤ ਬੜੇ ਫਰੇਬੀ
ਦੰਭੀ
ਧੋਖੇਬਾਜ਼
ਤੇ ਚਾਲਬਾਜ਼ ਹੁੰਦੇ ਨੇ

ਜਿਨ੍ਹਾਂ ਨੂੰ ਪੜ੍ਹ ਕੇ
ਅਗਲੇ ਬੰਦੇ ਦਾ
ਸ਼ਾਂਤ ਤੇ ਠੰਢਾ ਚਿੱਤ ਵੀ
ਉਪ-ਭਾਵੁਕ ਹੋ ਕੇ
ਬੇਵੱਸ ਜਿਹਾ ਹੋ ਕੇ
ਪਿਘਲ ਜਾਂਦਾ।

...'ਤੇ ਉਹ
ਉਹ ਕੁਝ ਕਰ ਗੁਜ਼ਰਦਾ
ਜਿਸ ਨੂੰ ਉਸਦੀ ਜ਼ਮੀਰ
ਕਰਨਾ ਨਹੀਂ ਚਾਹੁੰਦੀ
ਪਰ ਹੋ ਜਾਂਦਾ

ਕਿਵੇਂ ਹੋ ਜਾਂਦਾ
ਉਸ ਨੂੰ ਪਤਾ ਨਹੀਂ ਲਗਦਾ।

...ਇਸ ਹੋਣ ਤੋਂ ਬਾਅਦ
ਫ਼ਰੇਬੀ
ਦੰਭੀ
ਧੋਖੇਬਾਜ਼ ਖ਼ਤ
ਦਿਲ ਵਿਚ ਨਫ਼ਰਤ
ਪਰ ਬੁੱਲ੍ਹਾਂ 'ਤੇ ਪਲਾਸਟਿਕ ਨੁਮਾ
ਮੁਸਕਾਣ ਲਿਆ ਕੇ
ਮਨ ਵਿਚ ਜੋੜ-ਤੋੜ ਕਰਦਾ

...'ਤੇ ਫਿਰ ਖੁੱਲ੍ਹ ਕੇ
ਹੱਸਣ ਦਾ ਦੰਭ ਕਰਦਾ
ਤੇ ਅਗਲਾ ਬੰਦਾ
ਸ਼ਰਮਸਾਰ ਹੋ ਕੇ
ਨਾ ਜਿਊਣ 'ਚ ਹੁੰਦਾ ਹੈ
ਨਾ ਮਰਦਾ ਹੈ।

ਕਈ ਵਾਰ ਖ਼ਤ
ਬੜੇ ਫ਼ਰੇਬੀ ਹੁੰਦੇ ਨੇ।

•

## ਤੇਰੇ ਨਾਲ

ਤੇਰੇ ਨਾਲ
ਨਿੱਕੀਆਂ-ਨਿੱਕੀਆਂ
ਮਿੱਠੀਆਂ-ਮਿੱਠੀਆਂ
ਗੱਲਾਂ ਕਰਨਾ
ਇੰਞ ਹੈ
ਜਿਵੇਂ ਕੋਈ
ਮਿੱਠੀ ਚੂਰੀ ਦੀਆਂ
ਨਿੱਕੀਆਂ-ਨਿੱਕੀਆਂ ਗਰਾਹੀਆਂ
ਘੁੱਗੀਆਂ, ਕਬੂਤਰਾਂ ਤੇ ਚਿੜੀਆਂ ਨੂੰ ਪਾਵੇ।
ਤੇ ਉਹ
ਘੁੱਗੂ ਘੂੰ, ਗੁਟਰ ਗੂੰ ਤੇ ਚੀਚੀਂ ਕਰ ਕੇ
ਉਸ ਦੇ
ਪਿਆਰ ਦਾ ਹੁੰਗਾਰਾ ਦੇਣ।

•

## ਦਰਦ ਤੇ ਆਨੰਦ

ਮੈਂ ਉਸ
ਅਨੰਤ
ਮਹਾਂ ਸ਼ਕਤੀ ਅੱਗੇ
ਸਿਰ ਝੁਕਾਇਆ
ਤੇ ਕਿਹਾ!
ਮੇਰੀ ਇਹ ਪਾਕ ਪਵਿੱਤਰ
ਤੇ ਮਾਸੂਮ ਮੁਹੱਬਤ
ਕਦੇ ਨਾ ਮੁਰਝਾਏ
ਹਮੇਸ਼ਾ
ਫੁੱਲਾਂ ਵਾਂਗ ਮੁਸਕਰਾਏ।
ਇਸ ਨੂੰ ਦਰਦ ਨਾ ਬਣਾਈਂ
ਇਹਦੇ ਹੰਝੂ ਨਾ ਵਗਾਈਂ।

ਉਸਨੇ ਮੇਰੇ ਵੱਲ
ਹਮਦਰਦ
ਨਜ਼ਰਾਂ ਨਾਲ ਵੇਖਿਆ
ਪਹਿਲਾਂ ਉਸਨੇ
ਅੱਖਾਂ ਵਿਚ ਹੰਝੂ ਭਰੇ
ਤੇ ਫਿਰ ਮੁਸਕਰਾ ਕੇ ਕਿਹਾ

ਕੋਈ ਵੀ ਮੁਹੱਬਤ
ਬਿਨਾਂ ਹੰਝੂ ਤੋਂ
ਬਿਨਾਂ ਮੁਸਕਰਾਹਟ ਤੋਂ
ਅਧੂਰੀ ਹੈ
ਇਹ ਦਰਦ ਦੇ ਆਨੰਦ
ਨਾਲ ਹੀ ਪੂਰੀ ਹੈ।

•

## ਬਸ ਏਹੀ ਠੀਕ ਨੇ

ਮੇਰੇ ਸੈੱਲ ਫ਼ੋਨ 'ਤੇ
ਫ਼ਲਸਫ਼ੇ ਨਾਲ ਭਰੇ
ਮੈਸਜ ਆਉਂਦੇ
ਕੁਝ ਸਮਝਾਉਂਦੇ
ਕੁਝ ਉਲਝਾਉਂਦੇ
...ਤੇ ਕੁਝ ਸਤਾਉਂਦੇ
ਦੋਸਤੀ ਅਤੇ ਪਿਆਰ ਕਰਨ ਦੇ
ਨਵੇਂ-ਨਵੇਂ ਅੰਦਾਜ਼
ਸਿਖਾਉਂਦੇ
ਤਾਹਨੇ ਮਿਹਣੇ
ਤੇ ਗਿਲ੍ਹੇ ਸ਼ਿਕਵਿਆਂ ਨਾਲ ਭਰੇ
ਚੱਲੋ ਇਹ ਵੀ
ਆਪਣੀ ਥਾਂ ਠੀਕ ਨੇ।

...ਪਰ ਤੇਰੇ
ਮੈਸੇਜ
ਜਿਨ੍ਹਾਂ ਵਿਚ ਨਾ ਹੁੰਦਾ
ਕੋਈ ਗੂੜ੍ਹ ਫ਼ਲਸਫ਼ਾ
ਬੱਸ
ਨਿੱਕੇ-ਨਿੱਕੇ
ਸਵਾਲ ਜਵਾਬ
ਵਾਰਤਾਲਾਪ
ਮੁਸਕਰਾਉਂਦੀਆਂ ਕਲੀਆਂ
ਮਹਿਕਦੇ ਗ਼ੁਲਾਬ
ਮੇਰੇ ਮਨ ਨੂੰ
ਭਾਉਂਦੇ
ਜੀਵਨ ਵਿਚ
ਇਕ ਗਤੀ ਲਿਆਉਂਦੇ।

•

## ਉਤਸਵ

ਉਹ ਕਦੇ-ਕਦੇ
ਰੁਮਕਦੀ ਪੌਣ ਵਿਚ
ਗੁਲਾਲ ਦੀਆਂ
ਚੁਟਕੀਆਂ ਭਰ-ਭਰ ਕੇ
ਉਡਾਉਂਦਾ ਹੈ
ਨੀਲੇ ਅੰਬਰ ਨੂੰ
ਹਲਕਾ ਜਾਮਣੀ ਜਿਹਾ
ਬਣਾਉਂਦਾ।

ਕਦੇ-ਕਦੇ
ਤ੍ਰੇਲ ਤੁਪਕਿਆਂ ਵਿਚ
ਆਪਣਾ ਅਕਸ
ਵੇਖ ਕੇ ਮੁਸਕਰਾਉਂਦਾ

ਤੇ ਭਿੱਜੇ ਹੋਏ ਫੁੱਲਾਂ ਨਾਲ
ਹੋਂਠ ਛੁਹਾਉਂਦਾ।

ਕਦੇ-ਕਦੇ
ਅੱਧੀ ਰਾਤ ਗਏ
ਚੰਨ ਤਾਰਿਆਂ ਨੂੰ
ਆਪਣੀ ਮੁਹੱਬਤ ਦੀ
ਕਥਾ ਸੁਣਾਉਂਦਾ
ਤਾਂ ਸਾਰਾ ਅੰਬਰ ਹੀ
ਜਿਵੇਂ ਮੁਸਕਰਾਉਂਦਾ

ਉਹ...
ਉਹ ਉਤਸਵ
ਮਨਾਉਂਦਾ।

•

## ਫੇਰ ਅਜਨਬੀ

ਉਹ ਤਨ ਤੋਂ
ਅੱਗੇ ਨਹੀਂ ਤੁਰੀ
ਮੈਂ ਮਨ ਤੋਂ
ਪਿੱਛੇ ਨਹੀਂ ਮੁੜਿਆ।

ਇਸੇ ਕਸ਼ਮਕਸ਼ 'ਚ
ਇਕ ਦੋ ਮੁਲਾਕਾਤਾਂ ਬਾਅਦ ਹੀ
ਅਸੀਂ
ਫੇਰ ਇਕ ਦੂਜੇ ਲਈ
ਅਜਨਬੀ ਹੋ ਗਏ।

•

## ਮਿਲਣ ਤੋਂ ਪਹਿਲਾਂ

ਮਿਲਣ ਤੋਂ ਪਹਿਲਾਂ
ਉਹ ਸੋਚਦੀ ਰਹੀ
ਮੇਰੇ ਬਾਰੇ
ਸੱਪ...ਸੱਪ...ਸੱਪ

ਮਿਲੀ, ਠਹਿਰੀ
ਤੇ ਜਾਣ ਤੋਂ ਪਹਿਲਾਂ
ਉਸ ਕਿਹਾ
ਸਾਧੂ, ਜੋਗੀ, ਰਮਤਾ।

ਦਿਲ ਕੀਤਾ
ਜਾਂਦੀ ਹੋਈ ਨੂੰ
ਸੱਪ ਬਣ ਕੇ ਲਿਪਟ ਜਾਂਦਾ।

•

## ਉਦਾਸ ਹੈ ਬੁੱਤ-ਘਾੜਾ

ਤੂੰ ਪੱਥਰ ਦਾ
ਉਹ ਟੁਕੜਾ ਨਹੀਂ
ਜਿਸ 'ਚੋਂ ਘੜਿਆ ਜਾ ਸਕੇ
ਇਕ ਸ਼ਾਨਦਾਰ
ਜਾਨਦਾਰ
ਕੋਈ ਸ਼ਾਹਕਾਰ।

ਤੂੰ ਤਾਂ ਡਰਾਇੰਗ ਰੂਮਾਂ
ਰਸੋਈਆਂ
...ਤੇ ਬਾਥਰੂਮਾਂ ਦੀ
ਸ਼ਾਨ ਹੀ ਬਣਨਾ ਹੈ।

ਮੈਂ ਛੈਣੀ ਦੇ
ਪਹਿਲੇ ਟੱਕ ਨਾਲ ਹੀ
ਪਛਾਣ ਲਈ ਹੈ
ਜਾਤ ਤੇਰੀ।

ਜਾਹ ਬਣੀ ਰਹਿ ਪੱਥਰ ਦਾ ਪੱਥਰ
ਰੁਲਦੀ ਰਹੀਂ ਪੈਰੀਂ।

•

## ਮੁਹੱਬਤ ਦੀ ਭਾਲ ਵਿਚ

ਮੁਹੱਬਤ ਦੀ ਭਾਲ ਵਿਚ
ਅਜਬ ਹਾਦਸੇ ਹੋਏ
ਕਦੇ ਰੰਗ ਹੱਸੇ
ਕਦੇ ਰੰਗ ਰੋਏ।

ਤਪਦਾ ਰਾਹ
ਅੱਗ ਦਾ ਦਰਿਆ
ਪਾਰ ਕੀਤਾ
ਘਰ ਮੁੜਿਆ
ਅਤੀਤ ਤੇ ਭਵਿੱਖ
ਵਰਤਮਾਨ 'ਚ ਖਲੋਏ

...ਤਾਂ ਅੱਥਰੂ ਗ਼ੁਲਾਬ ਹੋਏ।

•

## ਅੰਦਰਲੀ ਅਦਾਲਤ

ਆਪਣੇ ਖ਼ਾਨਦਾਨ ਦੀ
ਇੱਜ਼ਤ ਬਚਾਉਣ
ਦੁਨੀਆਦਾਰੀ ਦੀਆਂ ਰਸਮਾਂ
ਨਿਭਾਉਣ ਖ਼ਾਤਰ
ਮਾਸੂਮ ਜਜ਼ਬੇ ਦਾ
ਕਤਲ ਕਰਕੇ
ਉਸ ਦੀਆਂ ਆਉਣ ਵਾਲੀਆਂ
ਪੁਸ਼ਤਾਂ ਦੀ ਅਲਖ ਮੁਕਾ ਕੇ
ਆਪਣੇ ਖ਼ਿਲਾਫ਼
ਸਬੂਤ ਹੋਣ ਦੇ ਬਾਵਜੂਦ
ਕਾਨੂੰਨ ਦੀਆਂ ਨਜ਼ਰਾਂ ਤੋਂ ਬਚ ਕੇ
ਚੁੱਪ ਚੁਪੀਤੇ ਮਕਤਲ 'ਚੋਂ ਭੱਜ ਆਈ ਸਾਂ।

ਪਰ ਲਗਦੀ ਅਦਾਲਤ
ਦਿਨ ਰਾਤ ਮੇਰੇ ਅੰਦਰ,
ਮੁਨਸਫ਼
ਮੁਦੱਈ
ਮੁਜਰਮ
ਮਜ਼ਲੂਮ
ਗਵਾਹ
ਵਕੀਲ
ਦਲੀਲ
ਅਪੀਲ
ਸਭ ਆਪ ਹੀ ਹਾਂ।
ਇਨਸਾਫ਼ ਹੋਵੇ ਤਾਂ ਕਿਵੇਂ ?
ਮਕਤੂਲ
ਵਰ੍ਹਿਆਂ ਬਾਅਦ ਵੀ
ਮੇਰੇ ਸਾਹ ਨਾਲ ਸਾਹ ਲੈਂਦਾ।

•

## ਲਾਡੋ ਪੁੱਤਰੀ ਲਈ - 1

ਲਾਡਲੀ ਲਾਡੋ !
ਹਵਾ ਵਾਂਗ ਵਗ
ਨਦੀ ਵਾਂਗ ਵਹਿ
ਜੋ ਕਹਿਣਾ ਹੈ ਕਹਿ
ਪੂਰਾ ਦਿਲ ਖੋਲ੍ਹ
ਜੋ ਬੋਲਣਾ ਹੈ ਬੋਲ।

ਮੈਂ ਤੇਰਾ ਦੁਨਿਆਵੀ ਪਿਤਾ ਨਹੀਂ
ਜੋ ਸੌ ਗੱਲਾਂ ਤੋਂ ਟੋਕੇਗਾ
ਦਿਲ ਫੋਲਣੋਂ ਰੋਕੇਗਾ
ਰੀਤਾਂ ਰਿਵਾਜਾਂ ਰਸਮਾਂ ਦੀ
ਦੇਵੇਗਾ ਦੁਹਾਈ
...ਤੇ ਉਹਨਾਂ ਵਿਚ ਰੱਖੇਗਾ ਉਲਝਾਈ।

ਤੇਰੀ ਆਤਮਾ 'ਚੋਂ
ਪੈਦਾ ਹੋਇਆ
ਧਰਮ ਪਿਤਾ ਹਾਂ

ਤੇਰੇ ਬਿਨ ਬੋਲੇ ਹੀ
ਤੈਨੂੰ ਸੁਣਾਂਗਾ।
ਤੇਰੇ ਲਈ
ਤੇਰੇ ਦਿਲ ਵਰਗੇ ਹੀ
ਸੁਪਨੇ ਬੁਣਾਂਗਾ।

ਨਹੀਂ ਚਾਹਵਾਂਗਾ
ਮੇਰੇ ਸਾਏ ਹੇਠ ਹੀ ਪਲੇ
ਚਾਹਵਾਂਗਾ
ਆਪਣਾ ਦੀਵਾ ਆਪ ਬਣੇ
ਨਿਰਮਲ ਜੋਤ ਜੇਹੀ ਜਗੇ
ਹਵਾ ਵਾਂਗ ਵਗ
ਨਦੀ ਵਾਂਗ ਵਹਿ
ਜੋ ਕਹਿਣਾ ਹੈ ਕਹਿ
ਤੇਰੇ ਬਿਨ ਬੋਲੇ ਹੀ
ਤੈਨੂੰ ਸੁਣਾਂਗਾ।

•

## ਮੁਹੱਬਤ - 2

ਮੁਹੱਬਤ ਹੁੰਦੀ ਹੈ
ਸੌ ਫ਼ੀਸਦੀ ਸਮਰਪਣ
ਪੂਰੇ ਦਾ ਪੂਰਾ ਅਰਪਣ
ਕੋਈ ਨਾਪ ਨਾ ਤੋਲ
ਗੱਲ ਚੌਰਸ ਕਰੇ
ਨਾ ਕਰੇ ਗੋਲ।
ਠੋਸ, ਨਾ ਕੋਈ ਪੋਲ
ਹੋਣ ਨਾ ਇਸ ਵਿਚ ਓਹਲੇ
ਪੂਰੇ ਦਾ ਪੂਰਾ ਦਿਲ ਖੋਲ੍ਹੇ
ਮੁਹੱਬਤ ਨਾ ਸੰਗਦੀ
ਮੁਹੱਬਤ ਬਦਲੇ
ਮੁਹੱਬਤ ਮੰਗਦੀ।

•

## ਮੈਂ ਵੀ ਲਿਖਾਂਗੀ...

ਤੂੰ ਕਵਿਤਾ ਕਿਵੇਂ ਲਿਖ ਲੈਨਾਂ ?
ਪੁੱਛਿਆ ਉਸ ਨੇ।

ਤੇਰੇ ਲਈ
ਮੇਰੇ ਮਨ ਵਿਚ
ਬਹੁਤ ਪਿਆਰ ਹੈ
ਤੇਰੇ ਨਾਲ
ਮਨ ਹੀ ਮਨ
ਜਦ ਗੱਲਾਂ ਕਰਦਾਂ
ਸ਼ਬਦ ਜੋੜ-ਜੋੜ ਧਰਦਾਂ
ਉਹ ਸਾਧਾਰਨ ਜਹੀਆਂ ਗੱਲਾਂ
ਪਿਆਰ 'ਚੋਂ
ਲੰਘਦੀਆਂ

ਮਿੱਠੀਆਂ ਤੇ ਰੰਗ-ਬਰੰਗੀਆਂ ਹੋ ਕੇ
ਕਵਿਤਾ ਬਣਦੀਆਂ।

ਹੱਥ ’ਤੇ ਹੱਥ ਮਾਰ ਕੇ
ਉਹ ਖਿੜ-ਖਿੜ ਹੱਸੀ
ਲੈ...ਅ
ਇ...ਹ...ਤਾਂ
ਬ...ਹੁ...ਤ, ਹੀ...ਸੌ...ਖਾ...
ਮੈਂ ਵੀ ਲਿਖਾਂਗੀ
ਤੇਰੇ ਲਈ ਕਵਿਤਾ।

•

# ਸਵੈ-ਪੜਚੋਲ - ਨੋ ਹਿਪੋਕਰੇਸੀ

ਕਈ ਦਿਨ
ਲਗਾਤਾਰ ਬਾਰ-ਬਾਰ
ਮੇਰੇ ਸੈੱਲ ਫੋਨ ’ਤੇ
ਆਉਂਦੇ ਰਹੇ ਮੈਸੇਜ
ਕਿਸੇ ਕੁੜੀ ਦੇ।

ਮੈਸੇਜ
ਗੁਲਾਬੀ
ਉਨਾਬੀ
ਨਮਕੀਨ
ਦਿੰਦੇ ਰਹੇ ਤਸਕੀਨ
ਕਾਮ ਜਗਾਉਂਦੇ ਤੇ ਭਰਮਾਉਂਦੇ।

ਦਿੰਦਾ ਰਿਹਾ ਜਵਾਬ
ਆਪਣੀ ਲੋੜ, ਥੋੜ, ਖ਼ਾਹਿਸ਼
ਔਕਾਤ ਅਨੁਸਾਰ
ਬੇ-ਕਰਾਰ
ਖ਼ੁਮਾਰ ਖ਼ੁਮਾਰ
ਲੱਭਦਾ ਰਿਹਾ
ਉਸ ਦੇ ਨਵੇਂ ਨਕਸ਼
ਕੱਦ-ਬੁੱਤ
.....     .....     .....

ਹੌਲੀ-ਹੌਲੀ
ਹਕੀਕਤ ਦੀ ਨ੍ਹੇਰੀ ਝੁੱਲੀ
ਅਸਲ ਗੱਲ ਖੁੱਲ੍ਹੀ
ਕੋਈ ਮਨਚਲਾ ਮੁੰਡਾ
ਕਰਦਾ ਸੀ ਦਿਲਲਗੀ
ਸ਼ਰਾਰਤ
ਵੱਖ-ਵੱਖ ਰੰਗਾਂ ਦੀ
ਭੇਜਦਾ ਸੀ ਇਬਾਰਤ।
ਚਲੋ
ਇਕ ਗੱਲ ਮੁੱਕੀ
..... ..... .....
...ਪਰ ਮੈਂ
ਕਈ ਦਿਨ
ਉਹ ਸ਼ਰਾਰਤ ਭਿੱਜੇ
ਨੈਣ ਨਕਸ਼
ਕੱਦ ਬੁੱਤ
ਖ਼ਿਲਾ 'ਚੋਂ ਬਦ-ਹਵਾਸ ਹੋ ਕੇ
ਲੱਭਦਾ ਰਿਹਾ।
ਮੈਂ ਜੋ
ਬੁੱਧ ਹੋਣ ਦਾ
ਭਰਮ ਪਾਲਦਾ ਸਾਂ
ਆਪੇ 'ਚੋਂ
ਕਣ-ਕਣ ਕਿਰਿਆ
ਮਸਾਂ ਜਾ ਕੇ ਰੁਕਿਆ
...ਹੁਣ ਫੇਰ ਸ਼ਾਇਦ
ਪਹਿਲੇ ਸਫ਼ਰ 'ਤੇ ਹਾਂ।

•

## ਧਰਮ ਯੁੱਧ

ਅਸੀਂ ਇਹੋ ਜਿਹੇ
ਧਰਮ ਯੁੱਧ ਵਿਚ ਉਲਝ ਗਏ
ਜਿਸ ਵਿਚ
ਕਿਸੇ ਨਾ ਕਿਸੇ ਦਾ
ਕਤਲ ਲਾਜ਼ਮੀ ਸੀ
ਕਿਸੇ ਨਾ ਕਿਸੇ ਕੁਰਬਾਨ ਹੋਣਾ ਸੀ
ਮੈਂ ਹੁੰਦੀ
ਮਾਪੇ, ਭਰਾ
ਮੇਰਾ ਮੰਗੇਤਰ
ਜਾਂ ਤੂੰ।

...ਤੂੰ ਕਿਹਾ
"ਜੇ ਯੁੱਧ ਵਿਚ
ਸਿਰਫ਼ ਏਹੀ ਹਾਸਲ ਹੋਣਾ ਹੈ
ਤਾਂ ਹਾਜ਼ਰ ਹਾਂ।"

ਮੈਂ ਬਚਾ ਲਈਆਂ
ਦੁਨੀਆਂ ਦੀਆਂ ਕਦਰਾਂ-ਕੀਮਤਾਂ
ਤੂੰ ਬਚਾ ਲਿਆ ਮੁਹੱਬਤ ਨੂੰ।
ਆਪਣੀ-ਆਪਣੀ ਥਾਵੇਂ
ਦੋਵੇਂ ਸੱਚੇ, ਦੋਹੇਂ ਝੂਠੇ।
...ਹੁਣ ਵੀ ਲੜ ਰਹੇ ਹਾਂ
ਨਾ ਮੁੱਕਣ ਵਾਲਾ
ਧਰਮ ਯੁੱਧ।

•

## ਗੱਲ ਤਾਂ ਐਨੀ ਹੈ

ਨਜ਼ਮਾਂ
ਜੋ ਲਿਖੀਆਂ ਗਈਆਂ
ਸੋ ਲਿਖੀਆਂ ਗਈਆਂ।
ਹੁਣ ਗੱਲ ਤਾਂ ਐਨੀ ਹੈ
ਕਿ ਨਜ਼ਮਾਂ ਜੋ ਤੇਰੇ ਲਈ
ਜਾਂ ਤੈਨੂੰ ਸੋਚ ਕੇ ਲਿਖੀਆਂ
ਉਹਨਾਂ ਨੂੰ ਪੜ੍ਹ ਲਵੀਂ।
ਹੋ ਸਕਦੈ
ਪੜ੍ਹਦਿਆਂ-ਪੜ੍ਹਦਿਆਂ
ਜਦੋਂ ਮੁਸਕਰਾਏਂ
ਨਜ਼ਮਾਂ ਵੀ ਮੁਸਕਰਾਉਣ
ਅੱਖਾਂ ਤੇਰੀਆਂ ਨਮ ਹੋਣ
ਤਾਂ ਅੱਥਰੂ ਨਜ਼ਮਾਂ ਵੀ ਵਗਾਉਣ
ਦਿਲ ਦੀ ਤਾਲ ਨਾਲ ਤਾਲ ਮਿਲਾਉਣ
ਇਕ ਸੰਵਾਦ ਰਚਾਉਣ।

ਨਜ਼ਮਾਂ ਜੋ ਲਿਖੀਆਂ ਗਈਆਂ
ਸੋ ਲਿਖੀਆਂ ਗਈਆਂ
ਆਪਾਂ ਕਿਹੜਾ
ਲੋਕ ਅਰਪਣ ਜਾਂ ਘੁੰਡ ਚੁਕਾਈ
...ਤੇ ਵਾਦ ਵਿਵਾਦ ਰਚਾਉਣੇ ਨੇ
ਜਾਂ ਕੋਈ
ਇਨਾਮ-ਸਨਮਾਨ
ਨਾਮਜ਼ਦ ਕਰਾਉਣੇ ਨੇ।

ਆਪਾਂ ਕਿਹੜਾ
ਇਹਨਾਂ ਦਾ ਮੰਡੀ 'ਚ ਮੁੱਲ
ਪੁਆਉਣਾ
...ਤੇ ਸ਼ਾਹਾਂ ਅੱਗੇ ਨਚਾਉਣਾ
ਆਪਾਂ ਤਾਂ
ਲਿਖਣ ਵੇਲੇ ਦਾ
ਜਸ਼ਨ ਮਨਾਉਣਾ।
ਬੱਸ ਨਜ਼ਮਾਂ ਜ਼ਰੂਰ
ਪੜ੍ਹ ਲਵੀਂ।

•

## ਇਕ ਤਾਰਾ ਵਜਦਾ ਵੇ ਰਾਂਝਣਾ

ਇਕ ਤਾਰਾ ਵਜਦਾ ਵੇ ਰਾਂਝਣਾ
ਨੂਰ ਮਹਿਲ ਦੀ ਮੋਰੀ
ਤੇਰੀ ਹੀਰ ਸਲੇਟੀ ਵੇ
ਧੱਕੇ ਨਾਲ ਖੇੜਿਆਂ ਤੋਰੀ।

ਤੰਦ-ਤੰਦ ਮੈਂ ਸਾਹਾਂ ਦੀ ਵੇ
ਸੱਜਣਾਂ ਜੋੜ-ਜੋੜ ਕੇ ਵੱਟੀ
ਇਹੋ ਇਕ ਚੰਨਾ ਵੇ
ਮੇਰੀ ਉਮਰਾਂ ਦੀ ਸੀ ਖੱਟੀ
ਟੋਟੇ-ਟੋਟੇ ਕੀਤੀ ਵੇ ਜ਼ਾਲਮਾਂ
ਕਿਉਂ ਰੇਸ਼ਮ ਦੀ ਡੋਰੀ
ਇਕ ਤਾਰਾ...

ਫੁੱਲਾਂ 'ਤੇ ਤ੍ਰੇਲ ਵਾਂਗੂੰ ਵੇ
ਪਿਆਰ ਮੇਰਾ ਸੀ ਚੰਨਾ,
ਝੂਠੇ ਜਹੇ ਮੋਤੀਆਂ ਦਾ
ਵਿਉਪਾਰ ਤੇਰਾ ਸੀ ਚੰਨਾ
ਚਾਰੇ ਕੰਨੀਆਂ ਖ਼ਾਲੀ ਵੇ
ਮੇਰੀ ਉਮਰ ਦੀ ਚਾਦਰ ਕੋਰੀ
ਇਕ ਤਾਰਾ...

ਜੰਗਲ ਵਿਚ ਚੰਗੀ ਸੀ ਵੇ
ਮੇਰੀ ਨਾਲ ਹਵਾਵਾਂ ਯਾਰੀ
ਮੇਰੀ ਰੂਹ ਦੀ ਕੂਹ-ਕੂਹ ਵੇ
ਲੋਕਾਂ ਅੰਦਰੇ ਅੰਦਰੀ ਮਾਰੀ
ਸੁੱਤੇ ਸੁਰ ਮਰ ਗਏ ਵੇ
ਮੈਂ ਖ਼ਾਲੀ ਰਹਿ ਗਈ ਬਾਂਸ ਦੀ ਪੋਰੀ
ਇਕ ਤਾਰਾ...

ਮੈਂ ਤਾਂ ਗੀਤ ਨਿਭਾ ਦਿੱਤੀ
ਦੁਨੀਆਦਾਰਾਂ ਕੋਲੋਂ ਡਰ ਕੇ,
ਹੁਣ ਉਮਰ ਲੰਘਾਉਣੀ ਹੈ
ਬੀਬਾ ਤੜਫ਼-ਤੜਫ਼ ਕੇ ਮਰ ਕੇ
ਗੱਲ ਸੁਣਿਓ ਲੋਕਾ ਵੇ
ਲਗਦੇ ਨਿਹੁੰ ਨਾ ਜ਼ੋਰਾ ਜ਼ੋਰੀ

ਇਕ ਤਾਰਾ ਵਜਦਾ ਵੇ ਰਾਂਝਣਾ
ਨੂਰ ਮਹਿਲ ਦੀ ਮੋਰੀ
ਤੇਰੀ ਹੀਰ ਸਲੇਟੀ ਵੇ
ਧੱਕੇ ਨਾਲ ਖੇੜਿਆਂ ਤੋਰੀ।

•

# ਜਿਵੇਂ ਹੁੰਦੀ ਫੁੱਲਾਂ ਵਿਚ

ਜਿਵੇਂ ਹੁੰਦੀ ਫੁੱਲਾਂ ਵਿਚ
ਲੁਕੀ ਖ਼ੁਸ਼ਬੂ ਚੰਨਾ!
ਕੋਲ ਸਾਡੇ ਇੰਝ ਤੂੰ ਰਹੀਂ।

ਪਿਆਰ ਵਿਚ ਮੋਏ ਹੋਏ
ਬੰਦਿਆਂ ਦੀ ਗੱਲ ਸੁਣੀ
ਸੁਣ ਕੇ ਤੂੰ ਬੁਰਾ ਨਾ ਕਹੀਂ।

ਅੱਗ ਜਹੇ ਰਾਹਾਂ ਉੱਤੇ
ਤੁਰ ਜਾਂਦੇ ਰਾਹੀਆਂ ਲਈ
ਬਿਰਖਾਂ ਦੀ ਜੂਨ ਤੂੰ ਪਵੀਂ।

ਸੁੱਤੇ ਨੂੰ ਜਗਾਈਂ ਜਾ ਕੇ
ਜਾਗਦੇ ਨੂੰ ਹੋਸ਼ ਦੇਵੀਂ
ਜਿਥੇ ਕਿਤੇ ਜਾ ਕੇ ਵੀ ਰਹੀਂ।

ਦਿਲਾਂ ਦੇ ਤੂੰ ਰਾਜ਼ ਦੱਸੀਂ
ਦਿਲਾਂ ਜਹੇ ਸੱਜਣਾਂ ਨੂੰ
ਐਰੇ ਗ਼ੈਰੇ ਕੋਲ ਨਾ ਕਹੀਂ।

ਤਨ ਕਿਤੇ ਰੁਲੇ ਤੇਰਾ
ਮਨ ਕਿਤੇ ਹੋਰ ਸਹਿਕੇ
ਇਦਾਂ ਵੀ ਨਾ ਕਿਤੇ ਤੂੰ ਰਹੀਂ।

ਹੰਝੂ ਵੀ ਨਾ ਬਣ ਜਾਵੇ
ਕਾਲਜੇ ਦਾ ਲਾਂਬੂ ਕਿਤੇ
ਏਨਾ ਵੀ ਨਾ ਦੁੱਖ ਤੂੰ ਸਹੀਂ।

ਪਿਆਰ ਤੋਂ ਵਿਹੂਣੇ ਅਤੇ
ਥੁੜ ਮਾਰੇ ਬੰਦਿਆਂ ਨੂੰ
ਕਦੇ ਵੀ ਨਾ ਆਖੀਂ ਤੂੰ ਨਹੀਂ।

•

# ਸਾਥੋਂ ਮੁੜਿਆ ਨਈਂ ਜਾਣਾ

ਸਾਥੋਂ ਮੁੜਿਆ ਨਈਂ ਜਾਣਾ ਭਾਵੇਂ ਲੱਖ ਤੂੰ ਬੁਲਾਵੀਂ।
ਅਸੀਂ ਮਿਲੇ ਨਾ ਕਦੇ ਸੀ ਮਨ ਇੰਝ ਸਮਝਾਵੀਂ।

ਸਾਡੇ ਪਿਆਰ ਨੂੰ ਇਹ ਕਿੱਦਾਂ ਦਾ ਸਰਾਪ ਲੱਗਿਆ,
ਅਣਕੀਤੇ ਹੀ ਗੁਨਾਹਾਂ ਦਾ ਕਿਉਂ ਪਾਪ ਲੱਗਿਆ,
ਹਉਕੇ ਉੱਗ ਆਏ ਓਥੇ ਹੰਝੂ ਡੁੱਲ੍ਹੇ ਜਿਨ੍ਹੀਂ ਥਾਵੀਂ...

ਅਸੀਂ ਮਿਲੇ ਸੀ ਜਦੋਂ ਤਾਂ ਦਿਲ ਬਾਗ-ਬਾਗ ਹੋਇਆ,
ਜਦੋਂ ਵਿਛੜੇ ਤਾਂ ਦਿਲ ਸਾਡਾ ਜ਼ਾਰ-ਜ਼ਾਰ ਰੋਇਆ,
ਅਸੀਂ ਦੇਣਾ ਨਈਂ ਹੁੰਗਾਰਾ ਭਾਵੇਂ ਰੋਜ਼ ਖ਼ਤ ਪਾਵੀਂ...

ਜਦੋਂ ਪਤਾ ਲੱਗਾ ਤੋੜ ਤੱਕ ਜਾਣੀ ਨੀਂ ਨਿਭਾਈ,
ਪੈਰ-ਪੈਰ ਉੱਤੇ ਜਾ ਕੇ ਸਾਡੀ ਜਿੰਦ ਸ਼ਰਮਾਈ (ਘਬਰਾਈ),
ਮਹਿਲ ਉਸਰੇ ਖ਼ਿਆਲਾਂ ਦੇ ਜੋ ਆਪ ਹੱਥੀਂ ਢਾਵੀਂ...

ਅਸੀਂ ਸੋਚਿਆ ਸੀ ਹੋਰ ਹੋਇਆ ਹੋਰ ਦਾ ਹੀ ਹੋਰ,
ਲੂੰਹਦੀ ਧੁੱਪ ਵਿਚ ਮੋਇਆ ਸਾਡੇ ਮਨਾਂ ਦੀ ਵੀ ਮੋਰ,
ਮੇਰੀ ਮੰਨੇ ਜੇ ਤੂੰ ਗੱਲ ਕਾਲੀ ਘਟਾ ਨੂੰ ਬੁਲਾਵੀਂ...

ਮੈਂ ਤਾਂ ਚਲੇ ਜਾਣਾ ਓਥੇ ਜਿਥੇ ਧੁਖਦਾ ਹਨੇਰਾ,
ਓਥੋਂ ਆਏਗੀ ਅਵਾਜ਼ ਕੋਈ ਤੇਰਾ ਹੈ ਨਾ ਮੇਰਾ,
ਵਹਿੰਦੇ ਪਾਣੀਆਂ ਦੇ ਵਾਂਗ ਸਾਨੂੰ ਹੋਰ ਨਾ ਰੁਲਾਵੀਂ...

ਸਾਡੇ ਦੋਹਾਂ ਵਿਚਕਾਰ ਲੱਗਾ ਦੁੱਖਾਂ ਦਾ ਅੰਬਾਰ,
ਰਹਿੰਦੀ ਜ਼ਿੰਦਗੀ ਨੇ ਵੇਖੀਂ ਢੋਣਾ ਮਣਾਂ ਮੂੰਹੀਂ ਭਾਰ,
ਸਾਡੇ ਦਰਦਾਂ ਦਾ ਬੀਬਾ ਕੋਈ ਗੀਤ ਤੂੰ ਬਣਾਵੀਂ...

•

## ਮੈਨੂੰ ਖੇੜਿਆਂ ਦੇ ਨਾਲ

ਮੈਨੂੰ ਖੇੜਿਆਂ ਦੇ ਨਾਲ ਨਾ ਤੂੰ ਤੋਰ ਬਾਬਲਾ।
ਮੇਰੇ ਮਨ ਵਿਚ ਵੱਸਦਾ ਕੋਈ ਹੋਰ ਬਾਬਲਾ।

ਤੈਨੂੰ ਲਗਦੀ ਪਿਆਰੀ ਪੱਗ ਆਪਣੀ ਦੀ ਲਾਜ,
ਤੈਨੂੰ ਦਿੱਸਦਾ ਨਾ ਪੈਂਦਾ ਜਿਵੇਂ ਕੂੰਜ ਨੂੰ ਕੋਈ ਬਾਜ,
ਤੇਰੇ ਅੱਗੇ ਮੇਰਾ ਚਲਦਾ ਨਾ ਜ਼ੋਰ ਬਾਬਲਾ,
ਮੈਨੂੰ ਖੇੜਿਆਂ.................................................।

ਨਿੱਕੇ ਹੁੰਦਿਆਂ ਤੋਂ ਮੇਰੇ ਨਾਲ ਲਾਡ ਤੂੰ ਲਡਾਏ,
ਪਲਾਂ ਛਿਣਾਂ ਵਿਚ ਦੱਸ ਮੈਨੂੰ ਕਿਵੇਂ ਤੂੰ ਭੁਲਾਏ,
ਤੇਰੇ ਦਿਲ ਵਿਚ ਕਿਥੋਂ ਆਇਆ ਚੋਰ ਬਾਬਲਾ
ਮੈਨੂੰ ਖੇੜਿਆਂ.................................................।

ਪਿੱਛੇ ਲੱਗ ਕੇ ਬੇਗ਼ਾਨਿਆਂ ਦੇ ਹੋਇਆ ਨਿਰਮੋਹਾ,
ਮੇਰੀ ਜਾਨ ਦੇ ਲਈ ਤੂੰ ਕਾਹਨੂੰ ਪੱਟੇਂ ਅੱਜ ਟੋਆ,
ਰੱਬ ਹੌਸਲਾ ਨਾ ਹੋਵੀਂ ਕਮਜ਼ੋਰ ਬਾਬਲਾ,
ਮੈਨੂੰ ਖੇੜਿਆਂ.................................................।

ਅੱਜ ਤੱਕ ਤੇਰੀ ਸਾਰੀ ਗੱਲ ਮੰਨਦੀ ਰਹੀ,
ਕਦੇ ਮੋੜਿਆ ਨਾ ਆਖਾ ਜਿਹੜੀ ਗੱਲ ਤੂੰ ਕਹੀ,
ਅੱਜ ਦਿਲ ਕਰੇ ਹੋਜਾਂ ਮੂੰਹ ਜ਼ੋਰ ਬਾਬਲਾ,
ਮੈਨੂੰ ਖੇੜਿਆਂ...................................................।

ਬਿਨਾਂ ਪਿਆਰ ਦੇ ਇਹ ਧਨ ਦੇ ਮੈਂ ਢੇਰ ਕੀ ਕਰੂੰ,
ਮੇਰੀ ਜਿੰਦ ਕੁਰਲਾਉ ਘੁੱਟ-ਘੁੱਟ ਕੇ ਮਰੂੰ,
ਕਰੀਂ ਜਾਵੇਂ ਕਾਹਨੂੰ ਹੋਰ ਦਾ ਹੀ ਹੋਰ ਬਾਬਲਾ
ਮੈਨੂੰ ਖੇੜਿਆਂ...................................................।

ਛੱਡ ਰਸਮਾਂ ਪੁਰਾਣੀਆਂ ਨੂੰ ਬੀਤ ਜਾਣ ਦੇ,
ਨਵੀਂ ਰੌਸ਼ਨੀ ਦੇ ਰੰਗ ਜ਼ਿੰਦਗੀ 'ਚ ਆਣ ਦੇ,
ਟੁੱਟ ਜਾਣ ਦੇ ਇਹ ਘਸੀ ਪਿਟੀ ਡੋਰ ਬਾਬਲਾ,
ਮੈਨੂੰ ਖੇੜਿਆਂ...................................................।

•

## ਪਈ ਹਉਕੇ ਭਰਦੀ ਵੇ ਰਾਂਝਣਾ

(ਦੋ ਤਾਰਾ ਵੱਜਦਾ ਵੇ ਰਾਂਝਣਾ ਨੂਰ ਮਹਿਲ ਦੀ ਮੋਰੀ)

ਪਈ ਹਉਕੇ ਭਰਦੀ ਵੇ ਰਾਂਝਣਾ ਨੂਰ ਮਹਿਲ ਦੀ ਮੋਰੀ।
ਤੇਰੀ ਹੀਰ ਸਲੇਟੀ ਵੇ ਧੱਕੇ ਨਾਲ ਖੇੜਿਆਂ ਤੋਰੀ।

ਤੰਦ ਤੰਦ ਮੈਂ ਸਾਹਾਂ ਦੀ ਵੇ ਸੱਜਣਾ ਜੋੜ ਜੋੜ ਕੇ ਵੱਟੀ,
ਇਹੋ ਇਕ ਚੰਨਾ ਵੇ ਮੇਰੀ ਉਮਰਾ ਦੀ ਸੀ ਖੱਟੀ,
ਟੋਟੇ-ਟੋਟੇ ਕੀਤੀ ਵੇ ਜ਼ਾਲਮਾਂ ਕਿਉਂ ਰੇਸ਼ਮ ਦੀ ਡੋਰੀ।
ਪਈ ਹਉਕੇ ਭਰਦੀ ਵੇ... ... ... ...।

ਫੁੱਲਾਂ 'ਤੇ ਤ੍ਰੇਲ ਵਾਂਗੂੰ ਵੇ ਪਿਆਰ ਮੇਰਾ ਸੀ ਚੰਨਾ,
ਝੂਠੇ ਜਿਹੇ ਮੋਤੀਆਂ ਦਾ ਵਿਓਪਾਰ ਤੇਰਾ ਸੀ ਚੰਨਾ,
ਚਾਰੇ ਕੰਨੀਆਂ ਖ਼ਾਲੀ ਵੇ ਮੇਰੀ ਉਮਰ ਦੀ ਚਾਦਰ ਕੋਰੀ।
ਪਈ ਹਉਕੇ ਭਰਦੀ ਵੇ... ... ... ...।

ਜੰਗਲ ਵਿਚ ਚੰਗੀ ਸੀ ਵੇ ਮੇਰੀ ਨਾਲ ਹਵਾਵਾਂ ਯਾਰੀ,
ਮੇਰੀ ਰੂਹ ਦੀ ਕੂਹੂ ਕੂਹੂ ਵੀ ਲੋਕਾਂ ਅੰਦਰੋਂ ਅੰਦਰੀ ਮਾਰੀ,
ਸੁੱਤੇ ਸੁਰ ਮਰ ਗਏ ਵੇ ਮੈਂ ਖ਼ਾਲੀ ਰਹਿ ਗਈ ਬਾਂਸ ਦੀ ਪੋਰੀ।
ਪਈ ਹਉਕੇ ਭਰਦੀ ਵੇ... ... ... ...।

ਲੱਖਾਂ ਤੋਂ ਕੱਖ ਹੋਈ ਵੇ ਲੋਕ ਲਾਜ ਤੋਂ ਡਰ ਕੇ,
ਮੈਂ ਊਣੀ ਰਹਿ ਗਈ ਵੇ ਆਪਣੇ ਕੰਢਿਆਂ ਤਕ ਵੀ ਭਰ ਕੇ,
ਕੋਈ ਕਦੋਂ ਸੁਖੀ ਰਹਿੰਦਾ ਕਰ ਕੇ ਰੱਬ ਆਪਣੇ ਦੀ ਚੋਰੀ।
ਪਈ ਹਉਕੇ ਭਰਦੀ ਵੇ... ... ... ...।

ਮੇਰੇ ਮਨ ਦਾ ਫੁੱਲ ਖਿੜਿਆ ਦੱਬਿਆ ਦੌਲਤ ਦੇ ਅੰਬਾਰਾਂ,
ਹੁਣ ਬਿਨ ਖ਼ੁਸ਼ਬੋ ਤੋਂ ਹੀ ਉਮਰਾ ਤੇਰੇ ਬਿਨਾਂ ਗੁਜ਼ਾਰਾਂ,
ਵੇ ਮੈਂ ਡੰਗ ਲਈ ਨਾਗਾਂ ਨੇ ਕਿਹੜੇ ਕੰਮ ਆਈ ਦੇਹ ਗੋਹੀ।
ਪਈ ਹਉਕੇ ਭਰਦੀ ਵੇ... ... ... ...।

ਮੇਰੀ ਉਮਰਾ ਬੀਤ ਚੱਲੀ ਤੁਰ ਕੇ ਅੱਗ ਜਿਹੇ ਰਾਹਾਂ ਉੱਤੇ,
ਕਿੰਨਾ ਚਿਰ ਮਾਣ ਕਰਾਂ ਇਨ੍ਹਾਂ ਵਗਦੇ ਸਾਹਾਂ ਉੱਤੇ,
ਉਹਦਾ ਸੁਫ਼ਨਾ ਹੀ ਵੇਖ ਲਵਾਂ ਮੈਨੂੰ ਦੇ ਜਾਓ ਕੋਈ ਲੋਰੀ।
ਪਈ ਹਉਕੇ ਭਰਦੀ ਵੇ... ... ... ...।

ਮੈਂ ਤਾਂ ਗੀਤ ਨਿਭਾ ਦਿੱਤੀ ਦੁਨੀਆਂਦਾਰਾਂ ਕੋਲੋਂ ਡਰ ਕੇ,
ਹੁਣ ਉਮਰ ਲੰਘਾਉਣੀ ਹੈ ਬੀਬਾ ਤੜਫ਼-ਤੜਫ਼ ਕੇ ਮਰ ਕੇ,
ਗੱਲ ਸੁਣਿਓ ਲੋਕਾ ਵੇ ਲੱਗਦੇ ਨਿਹੁੰ ਨਾ ਜ਼ੋਰਾ-ਜ਼ੋਰੀ।
ਪਈ ਹਉਕੇ ਭਰਦੀ ਵੇ ਰਾਂਝਣਾ ਨੂਰ ਮਹਿਲ ਦੀ ਮੋਰੀ।
ਤੇਰੀ ਹੀਰ ਸਲੇਟੀ ਵੇ ਧੱਕੇ ਨਾਲ ਖੇੜਿਆਂ ਤੋਰੀ।

•

## ਤੇਰਾ ਇਕ-ਇਕ ਨਕਸ਼

ਤੇਰਾ ਇਕ-ਇਕ ਨਕਸ਼ ਉਭਰ ਕੇ ਆਇਆ ਹੈ।
ਜਦ ਵੀ ਖ਼ਾਲੀ ਕੈਨਵਸ 'ਤੇ ਰੰਗ ਲਾਇਆ ਹੈ।

ਕਮਰੇ ਦੇ ਵਿਚ ਖਿਲਰੀ ਹੈ ਇਕ ਮਹਿਕ ਜਹੀ,
ਤੇਰੀ ਆਮਦ ਜਾਦੂ ਆਣ ਜਗਾਇਆ ਹੈ।

ਤੇਰੀ ਸਹੁੰ ਤਦ ਹੰਝੂ ਭਰ-ਭਰ ਆਉਂਦੇ ਨੇ,
ਜਦ ਵੀ ਤੇਰਾ ਹੱਸਣਾ ਚੇਤੇ ਆਇਆ ਹੈ।

ਨਾਲ ਲਹੂ ਦੇ ਸਿੰਜਿਆ ਜ਼ਹਿਰੀ ਫੁੱਲ ਜਾਪੇ,
ਕੈਸਾ ਬੂਟਾ ਸਾਡੀ ਜਿੰਦ ਉਗਾਇਆ ਹੈ।

ਕੌਣ ਤੂੰ ਬੀਬਾ, ਕਿਸ ਨਗਰੀ ਦਾ ਵਾਸੀ ਹੈਂ?
ਹੁਣ ਤਾਂ ਮੈਨੂੰ ਪੁੱਛਦਾ ਮੇਰਾ ਸਾਇਆ ਹੈ।

•

## ਆਪਣੀ ਸੋਚ ਦੇ ਹੱਥੋਂ

ਆਪਣੀ ਸੋਚ ਦੇ ਹੱਥੋਂ ਬੰਦਾ ਮਰਦਾ ਹੈ।
ਦੂਜੇ 'ਤੇ ਇਲਜ਼ਾਮ ਉਹ ਝੂਠਾ ਧਰਦਾ ਹੈ।

ਟੁਕੜੇ-ਟੁਕੜੇ ਕਰ ਕੇ ਸ਼ੀਸ਼ਾ ਸੁੱਟਿਆ ਮੈਂ,
ਅਕਸ ਮੇਰਾ ਹੀ ਮੈਨੂੰ ਟਿੱਚਰਾਂ ਕਰਦਾ ਹੈ।

ਲੋਕੀਂ ਰਚਦੇ ਦੰਭ ਨੇ ਅੜੀ ਇਕੱਲਤਾ ਦਾ,
ਕਿਸ ਬੰਦੇ ਦਾ ਸੱਜਣਾ ਦੇ ਬਿਨ ਸਰਦਾ ਹੈ।

ਦੋ-ਚਿੱਤੀ ਵਿਚ ਆਪਣੀ ਜੂਨ ਹੰਢਾਉਂਦਾ ਜੋ,
ਪਾਣੀ 'ਤੇ ਉਹ ਤੁਰਦਾ, ਰੇਤ 'ਚ ਤਰਦਾ ਹੈ।

ਪੀ ਜਾਂਦੇ ਨੇ ਅੱਥਰੂ, ਹਾਸਾ, ਬੁੱਲ੍ਹੀਆਂ 'ਤੇ,
ਇਹ ਨਾਟਕ ਤਾਂ ਸਾਂਝਾ ਸਭ ਦੇ ਘਰ ਦਾ ਹੈ।

•

## ਵਰ੍ਹਿਆਂ ਤੋਂ ਅਸੀਂ ਕਾਲਖ਼ ਦੀ

ਵਰ੍ਹਿਆਂ ਤੋਂ ਅਸੀਂ ਕਾਲਖ਼ ਦੀ ਇਕ ਜੂਨ ਹੰਢਾਈ।
ਵਰ੍ਹਿਆਂ ਤੋਂ ਸਾਡੇ ਹਿੱਸੇ ਕਿਰਨ ਕੋਈ ਨਾ ਆਈ।

ਇਸ ਧਰਤੀ ਦੀ ਬੰਜਰ ਕੁੱਖੋਂ ਕੁਝ ਨਾ ਉੱਗਦਾ,
ਨਾਲ ਹੰਝੂਆਂ ਸਿੰਜ ਕੇ ਸੀ ਇਕ ਕਲਮ ਲਗਾਈ।

ਤਿਲ-ਤਿਲ ਕਰਕੇ ਆਪਣੇ ਹੀ ਦੁੱਖ ਵਿਚ ਜਲਣਾ ਹੈ,
ਕੌਣ ਭਲਾ ਹੈ ਜਰਦਾ ਏਥੇ ਪੀੜ ਪਰਾਈ।

ਕੱਲ੍ਹ ਇਕ ਗੱਲ ਜੋ ਜੰਗਲ ਦੇ ਵਿਚ ਛੱਡ ਆਏ ਸਾਂ,
ਅੱਜ ਉਹ ਭਰੇ ਬਾਜ਼ਾਰਾਂ ਵਿਚ ਫਿਰਦੀ ਘਬਰਾਈ।

ਅੱਜ ਧਰਤੀ ਦੇ ਪਿੰਡੇ 'ਚ ਲਾਟਾਂ ਬਲ ਆਈਆਂ,
ਕਿਹੜੀ ਬੱਦਲੀ ਇਸ ਅੰਬਰ ਨੇ ਹੈ ਵਰਸਾਈ।

•

## ਸਿਰ 'ਤੇ ਸੂਰਜ

ਸਿਰ 'ਤੇ ਸੂਰਜ ਨੰਗੇ ਪੈਰ।
ਧੁੱਪ ਨਾਗਣੀ ਡੰਗੇ ਪੈਰ।

ਲੋਕੀਂ ਮਿੱਟੀ ਮੱਥੇ ਲਾਉਣ,
ਜਿਥੋਂ-ਜਿਥੋਂ ਲੰਘੇ ਪੈਰ।

ਬਹੁ-ਕੀਮਤੀ ਵੇਖ ਗਲੀਚੇ,
ਮਿੱਟੀ ਅੱਟੇ ਸੰਗੇ ਪੈਰ।

ਪੈਰ-ਪੈਰ ਕਰਦੇ ਗੁਮਰਾਹ,
ਅਸਾਂ ਹੁਦਾਰੇ ਮੰਗੇ ਪੈਰ।

ਫੁੱਲਾਂ ਤਾਈਂ ਮਿੱਧੀ ਜਾਣ,
ਕਿੰਨੇ ਨੇ ਬੇ-ਢੰਗੇ ਪੈਰ।

ਸਰ ਕਰਨੀ ਹੈ ਇਨ੍ਹਾਂ ਮੰਜ਼ਿਲ,
ਝੂਲੇ ਵਿਚ ਜੋ ਟੰਗੇ ਪੈਰ।

•

## ਤੇਰੇ ਮੇਰੇ ਘਰ ਦੇ ਵਿਚ

ਤੇਰੇ ਮੇਰੇ ਘਰ ਦੇ ਵਿਚ ਜੋ ਫ਼ਾਸਲਾ।
ਇਹ ਤਾਂ ਇਕ ਯਾਦਾਂ ਦਾ ਹੈ ਬਸ ਕਾਫ਼ਲਾ।

ਇਹ ਗੁਨਾਹ ਤੇਰੀ 'ਸਜ਼ਾ' ਤੜਪੇਂਗਾ ਤੂੰ,
ਮੇਰੇ ਵੱਲੋਂ ਮੁਆਫ਼ ਤੈਨੂੰ ਕਾਤਲਾ।

ਜ਼ਖ਼ਮੀ ਹੋ ਕੇ ਪਰਤੇ ਪੰਛੀ ਆਲ੍ਹਣੀਂ,
ਅਜਬ ਹੀ ਹੋਇਆ ਹੈ ਅੱਜ ਦਿਲ ਦਾ ਢਲਾ।

ਤੇਰੇ ਦਿਲ ਦੀ ਸਹਿਮਤੀ ਫਿਰ ਡਰ ਕਿਹਾ,
ਟੁੱਟਿਆ ਹਾਲੇ ਨਾ ਮੇਰਾ ਹੌਂਸਲਾ।

ਜ਼ਿੰਦਗੀ ਸਾਡੀ ਤਾਂ ਹੈ ਹੰਝੂਆਂ ਦੀ ਝੀਲ,
ਤੂੰ ਖ਼ੁਸ਼ੀ ਦਾ ਕੰਵਲ ਵੀ ਇਸ ਵਿਚ ਖਿਲਾ।

•

## ਬੰਦਾ ਤਾਂ ਅੱਜ ਆਪਣੀਆਂ

ਬੰਦਾ ਤਾਂ ਅੱਜ ਆਪਣੀਆਂ ਨਜ਼ਰਾਂ 'ਚ ਚੋਰ ਹੈ।
ਤਾਲੇ ਘਰਾਂ ਨੂੰ ਲਾਉਣ ਮਤਲਬ ਕੀ ਹੋਰ ਹੈ।

ਆ ਦੋ ਘੜੀ ਤਾਂ ਰਲ ਕੇ ਜ਼ਰਾ ਦਿਲ ਵਰਾ ਲਈਏ,
ਤੇਰੀ ਪਤੰਗ ਹੈ ਤੇ ਮਿਰੇ ਪਾਸ ਡੋਰ ਹੈ।

ਆਖ਼ਰ ਅਸੀਂ ਵੀ ਪੁੱਜਣਾ ਮੰਜ਼ਿਲ 'ਤੇ ਆਪਣੀ,
ਬੇ-ਢੰਗੀ ਭਾਵੇਂ ਚਾਲ ਹੈ, ਕਦਮਾਂ 'ਚ ਜ਼ੋਰ ਹੈ।

ਵਰ੍ਹਿਆਂ ਤੋਂ ਪਰਤ ਕੇ ਅਸੀਂ ਜੰਗਲ 'ਚ ਆ ਗਏ,
ਹੁਣ ਤੀਕ ਸ਼ਹਿਰ ਦਾ ਬੜਾ ਕੰਨਾਂ 'ਚ ਸ਼ੋਰ ਹੈ।

ਪੱਥਰ ਮੇਰੀ ਨਿਗ੍ਹਾ 'ਚ ਤਾਂ ਵੇਖਣ ਨੂੰ, ਕੁਝ ਨਹੀਂ,
ਦਿਲ ਆਦਮੀ ਦਾ ਇਸ ਤੋਂ ਵੀ ਵੱਧ ਕੇ ਕਠੋਰ ਹੈ।

•

## ਤੇਰੀ ਯਾਦ ਬਿਨਾਂ

ਤੇਰੀ ਯਾਦ ਬਿਨਾਂ ਤਾਂ ਮਰੀਏ।
ਤੈਨੂੰ ਯਾਦ ਕਿਵੇਂ ਨਾ ਕਰੀਏ।

ਤੂੰ ਵੀ ਅੰਤ ਨੂੰ ਬਾਲਣ ਬਣਨਾ,
ਸ਼ਾਖੇ ਨੀ! ਫੁੱਲਾਂ ਦੀਏ ਭਰੀਏ।

ਸਾਨੂੰ ਮੰਜ਼ਿਲ ਆਪ ਉਡੀਕੇ,
ਕਿਉਂ ਕਰ ਰਾਹਾਂ ਦੇ ਵਿਚ ਹਰੀਏ।

ਆਪਾਂ ਪਿਆਰ ਨਦੀ ਵਿਚ ਠਿਲ੍ਹਣੈ,
ਭਾਵੇਂ ਡੁੱਬੀਏ, ਭਾਵੇਂ ਤਰੀਏ।

ਦੁੱਖ ਤਾਂ ਸਾਡਾ ਦਾਰੂ ਸੱਜਣੀ,
ਦਸ ਫਿਰ ਦੁਖੜੇ ਕਿਉਂ ਨਾ ਜਰੀਏ?

•

## ਜੁਗਾਂ-ਜੁਗਾਂ ਤੋਂ ਵਿਗੜੀਆਂ ਆਵਣ

ਜੁਗਾਂ-ਜੁਗਾਂ ਤੋਂ ਵਿਗੜੀਆਂ ਆਵਣ ਇਸ਼ਕ ਦੀਆਂ ਤਕਦੀਰਾਂ।
ਪਹਿਲਾਂ ਏਥੇ ਕੈਦੋਂ ਜੰਮਦੇ, ਪਿੱਛੋਂ ਜੰਮਣ ਹੀਰਾਂ।

ਘਰ ਦੀਆਂ ਨੀਹਾਂ ਹੇਠ ਦਫ਼ਨ ਹਨ ਪਿਆਰ ਭਰੇ ਜਜ਼ਬੇ,
ਕੰਧਾਂ ਉੱਤੇ ਸੋਹਣੀ ਤੇ ਮਹੀਂਵਾਲ ਦੀਆਂ ਤਸਵੀਰਾਂ।

ਵਕਤ ਦੀ ਸਾਜ਼ਿਸ਼ ਮਿਰਜ਼ਾ ਮਰਿਆ, ਸਾਹਿਬਾਂ ਦੋਸ਼ ਨਾ ਕਾਈ,
ਇਸ਼ਕ ਦੀ ਰੋ ਰੋ ਗਾਥਾ ਗਾਈ ਉਸ ਦੇ ਟੁੱਟੇ ਤੀਰਾਂ।

ਏਸ ਸਦੀ ਤੋਂ ਕੁਝ ਦਿਨ ਸਿੱਖ ਕੇ ਤੌਰ-ਤਰੀਕੇ ਹੱਸੀਆਂ,
ਰੰਗਦਾਰ ਖਿੱਦੋ ਬਣ ਆਈਆਂ ਜਰ ਜਰ ਹੋਈਆਂ ਲੀਰਾਂ।

ਪਿਆਰ ਦਾ ਰੁਤਬਾ ਰੱਬੋਂ ਉੱਚਾ ਪਰ ਨਫ਼ਰਤ ਨਾ ਛੱਡੀ,
ਲੱਖ ਸਮਝਾਇਆ ਇਸ ਬੰਦੇ ਨੂੰ ਪੈਗ਼ੰਬਰਾਂ ਤੇ ਪੀਰਾਂ।

•

## ਆਖ਼ਰ ਜਾ ਕੇ ਉਹ ਆਪੇ

ਆਖ਼ਰ ਜਾ ਕੇ ਉਹ ਆਪੇ ਤੋਂ ਹਾਰਦੀਆਂ।
ਜੋ ਸ਼ੀਸ਼ੇ ਵਿਚ ਚਿੜੀਆਂ ਚੁੰਝਾਂ ਮਾਰਦੀਆਂ।

ਸਾਰੀ ਰਾਤ ਉਹ ਗੱਲਾਂ ਕਰਦਾ ਥੱਕਿਆ ਨਾ,
ਜਾਣ ਨਾ ਸਕਿਆ ਸਨ ਵੈਰੀ ਜਾਂ ਯਾਰ ਦੀਆਂ।

ਲੋਭ ਦੀ ਖ਼ਾਤਰ ਅਕਸਰ ਮਿੱਠੇ ਬਣ ਜਾਈਏ,
ਹੁਣ ਕਿਥੇ ਨੇ ਰਹੀਆਂ ਗੱਲਾਂ ਪਿਆਰ ਦੀਆਂ।

ਪੱਤਝੜ ਵਰਗੇ ਹਓਕੇ ਇਕ ਦਿਨ ਵੰਡੇਗੀ,
ਹੱਸ-ਹੱਸ ਨਾ ਕਰ ਗੱਲਾਂ ਏਸ ਬਹਾਰ ਦੀਆਂ।

ਪੁੱਠੀਆਂ ਮੱਤਾਂ ਧਰਤੀ ਦੇ ਘਰ ਛੱਡ ਨੇੜੇ,
ਨਦੀਆਂ ਦੇ ਵਿਚ ਦੀਵੇ ਜਾ ਕੇ ਤਰਦੀਆਂ।

ਬਲਦੇ ਸਿਵਿਆਂ ਕੋਲ ਵੀ ਗੱਲਾਂ ਕਰਦੇ ਨੇ,
ਲੋਕੀ ਕੰਮਾਂ-ਕਾਰਾਂ ਦੇ ਵਿਸਥਾਰ ਦੀਆਂ।

ਤੁਰ ਗਏ ਸੰਗੀ-ਸਾਥੀ ਪਲ ਦੋ ਪਲ ਬਹਿ ਕੇ,
ਰੋ ਰੋ ਕੇ ਹੁਣ ਯਾਦਾਂ ਵਕਤ ਗੁਜ਼ਾਰਦੀਆਂ।

ਜਾਗਣ ਦਾ ਹੋਕਾ ਦਿੰਦਾ ਉਹ ਖ਼ੁਦ ਸੁੱਤਾ,
ਗੱਲਾਂ ਵੇਖੋ ਪੁੱਠੀਆਂ ਪਹਿਰੇਦਾਰ ਦੀਆਂ।

ਆਰ-ਪਾਰ ਦੀਆਂ ਗੱਲਾਂ ਵਿਚ ਦਰਿਆ ਵਗਦਾ,
ਓਹੀਓ ਗੱਲਾਂ ਆਰ ਤੇ ਓਹੀਓ ਪਾਰ ਦੀਆਂ।

ਆ ਬੀਬਾ ਸੰਗ ਸੱਜਣਾਂ ਦੇ ਕੋਈ ਗੱਲ ਕਰੀਏ,
ਅੰਬਰਾਂ ਦੇ ਵਿਚ ਲੱਭੀਏ ਪੈੜਾਂ ਡਾਰ ਦੀਆਂ।

•

## ਯਾਦ ਤੇਰੀ ਦੋਸਤਾ

ਯਾਦ ਤੇਰੀ ਦੋਸਤਾ ਜ਼ਾਲਮ ਬੜੀ।
ਜਦ ਵੀ ਡਿੱਠਾ ਪਰਤ ਕੇ ਪਿੱਛੇ ਖੜ੍ਹੀ।

ਝੂੰਮ ਕੇ ਡਿਗਿਆ ਮੈਂ ਆਪਣੇ ਆਪ 'ਤੇ,
ਤੈਨੂੰ ਜਦ ਮੈਂ ਵੇਖਿਆ ਐਨੀ ਚੜ੍ਹੀ।

ਜਦ ਮੁਹੱਬਤ ਪੁੱਟਦੀ ਹੈ ਦੋ ਕਦਮ,
ਰੋਕਦੀ ਰਾਹਾਂ ਨੂੰ ਦੁਨੀਆਂ ਸਿਰ-ਸੜ੍ਹੀ।

ਜੁਗਨੂੰਆਂ ਦੀ ਲਗਦੈ ਸਾਜ਼ਿਸ਼ ਚੱਲ ਗਈ,
ਲੰਘ ਗਏ ਬਾਜ਼ਾਰ 'ਚੋਂ ਸੂਰਜ ਫੜੀ।

ਬਹੁਤ ਕੀਤੇ ਯਤਨ ਪਰ ਮੈਂ ਹਾਰਿਆ,
ਟਾਲ ਨਾ ਸਕਿਆ ਕਦੇ ਔਖੀ ਘੜੀ।

•

## ਭੇਤ ਭਰੀ ਇਸ ਚੁੱਪ ਦੀ

ਭੇਤ ਭਰੀ ਇਸ ਚੁੱਪ ਦੀ ਕਿੱਦਾਂ ਪਾਈਏ ਥਾਹ।
ਸ਼ਬਦਾਂ ਦੇ ਇਸ ਜੰਗਲੋਂ ਨਹੀਓਂ ਲੱਭਦਾ ਰਾਹ।

ਭਾਵੇਂ ਸੀ ਉਹ ਕਹਿ ਗਿਆ ਅਸਾਂ ਨਾ ਆਉਣਾ ਫੇਰ,
ਪਰ ਨਾ ਸਕਿਆ ਸਾਂਭ ਉਹ ਦਿਲ 'ਚੋਂ ਨਿਕਲੀ ਆਹ।

ਰਗਾਂ ਦੇ ਸੰਗ ਵਿਚਰੇ, ਟਹਿਕੇ ਫੁੱਲਾਂ ਸੰਗ,
ਐਪਰ ਦਿਲ ਨੂੰ ਭਾ ਗਿਆ ਕਾਲਾ ਰੰਗ ਸਿਆਹ।

ਪੌਣਾਂ ਦੇ ਸੰਗ ਗੁਫ਼ਤਗੂ ਦਰਿਆਵਾਂ ਸੰਗ ਮੋਹ,
ਅੱਜ ਕੱਲ੍ਹ ਆਪਣੇ ਆਪ ਦਾ ਕਰੀਏ ਕਿਵੇਂ ਵਸਾਹ।

ਲੋਕਾਂ ਨੂੰ ਦੱਸਦਾ ਰਿਹਾ, ਮੰਜ਼ਿਲ ਦੀ ਸੇਧ,
ਆਪਣੇ ਘਰ ਦੇ ਮੋੜ 'ਤੇ ਖ਼ੁਦ ਹੋਇਆ ਗੁੰਮਰਾਹ।

ਮੁਸਕਾਣਾਂ ਬਣ ਚਿਪਕਦੀ ਖ਼ਬਰੇ ਕਿਹੜੇ ਪਲ,
ਚਿਰ ਤੋਂ ਜੋ ਹੈ ਭਟਕਦੀ ਇਕ ਅਧੂਰੀ ਚਾਹ।

ਸਦੀਆਂ ਤੋਂ ਠੰਢਾ ਸਿਵਾ ਮੋਈ ਕੂਲੀ ਯਾਦ,
ਐਪਰ ਲਟ-ਲਟ ਬਲ ਪਿਆ, ਫੋਲੀ ਜਦੋਂ ਸੁਆਹ।

•

## ਤੇਰੇ ਨਾਲ ਗੁਜ਼ਾਰੇ ਨੇ

ਤੇਰੇ ਨਾਲ ਗੁਜ਼ਾਰੇ ਨੇ ਜੋ ਅੰਬਰ ਦੇ ਉਹ ਤਾਰੇ ਦਿਨ।
ਤੇਰੇ ਬਾਝ ਗੁਜ਼ਾਰੇ ਨੇ ਜੋ ਪਰਬਤ ਨਾਲੋਂ ਭਾਰੇ ਦਿਨ।

ਜੀਵਨ ਜਿਸ ਨੂੰ ਕਹਿੰਦੇ ਨੇ ਬਸ ਏਨਾ ਹੀ ਅਫ਼ਸਾਨਾ ਹੈ,
ਸਮੇਂ ਸਮੇਂ ਆ ਮਿਲ ਬੈਠੇ ਨੇ ਖੱਟੇ ਮਿੱਠੇ ਖ਼ਾਰੇ ਦਿਨ।

ਤੇਰਾ ਮੇਰਾ ਰਿਸ਼ਤਾ ਕੀ ਹੈ, ਤੇਰੇ ਉੱਤੋਂ ਵਾਰੇ ਮੈਂ,
ਪੁੱਤਰਾਂ ਵਾਂਗੂੰ ਲਾਡਾਂ ਪਾਲੇ, ਮਾਵਾਂ ਵਰਗੇ ਪਿਆਰੇ ਦਿਨ।

ਨ੍ਹੇਰੇ ਦੇ ਡਰ ਤੋਂ ਘਬਰਾ ਕੇ ਡਰ-ਡਰ ਅਸੀਂ ਲੰਘਾ ਦਿੱਤੇ,
ਜਿਸ ਨੂੰ ਚਾਨਣ ਕਹਿੰਦੇ ਨੇ ਉਹ ਚਾਰੇ ਦੇ ਚਾਰੇ ਦਿਨ।

ਫੇਰ ਮਿਲਾਂਗੇ ਫੇਰ ਖਿੜਾਂਗੇ, ਵਰ੍ਹਿਆਂ ਪਹਿਲਾਂ ਕਹਿ ਗਏ ਸੀ,
ਪੱਤਝੜ ਸੁੱਕੇ ਮੌਸਮ ਵਰਗੇ, ਸਾਨੂੰ ਲਾ ਗਏ ਲਾਰੇ ਦਿਨ।

•

## ਚੁੱਪ-ਚੁੱਪ ਕਰਕੇ ਹੌਲੀ-ਹੌਲੀ

ਚੁੱਪ-ਚੁੱਪ ਕਰਕੇ ਹੌਲੀ-ਹੌਲੀ ਮੌਸਮ ਗੁਜ਼ਰ ਗਿਆ।
ਕੁਝ-ਕੁਝ ਪਰ ਖ਼ੁਸ਼ਬੂਆਂ ਵਰਗਾ ਏਥੇ ਠਹਿਰ ਗਿਆ।

ਅੱਧ ਸੁੱਤੀ ਜਹੀ ਕੰਬ ਕੇ ਉੱਠੀ ਪਿੰਡਾ ਲਹਿਰ-ਲਹਿਰ,
ਚੰਨ ਜਦੋਂ ਦਾ ਇਸ ਨੀਲੀ ਜਹੀ ਝੀਲ 'ਚ ਉਤਰ ਗਿਆ।

ਹੁਣ ਗਾਹੇਗਾ ਉਹਦੀ ਭਾਲ 'ਚ ਉਮਰਾਂ ਦੇ ਪੈਂਡੇ,
ਅੱਖ ਉਹਦੀ ਵਿਚ ਸਦਾ ਲਈ ਜੋ ਅਕਸ ਹੈ ਠਹਿਰ ਗਿਆ।

ਉਹ ਬਣ ਕੇ ਖ਼ੁਸ਼ਬੂ ਉੱਡੀ ਤਾਂ ਪਹੁੰਚੀ ਸ਼ਹਿਰ-ਗਰਾਂ,
ਮੈਂ ਫੁੱਲ ਬਣਿਆ ਤਾਹੀਓਂ ਇੱਕੋ ਥਾਂ 'ਤੇ ਬਿਖਰ ਗਿਆ।

ਕਦੇ-ਕਦੇ ਇਕ ਅੱਗ ਜਹੀ ਬਣ ਕੇ ਲਹੂ ਦਿੰਦਾ ਏ ਮੈਨੂੰ,
ਗੁਲਮੋਹਰਾਂ ਦੀ ਛਾਂ ਦੇ ਹੇਠਾਂ ਜੋ ਪਲ ਠਹਿਰ ਗਿਆ।

•

## ਟੁਕੜਾ-ਟੁਕੜਾ ਹੋ ਕੇ

ਟੁਕੜਾ-ਟੁਕੜਾ ਹੋ ਕੇ ਤੂੰ ਕੁਰਲਾਏਂਗਾ।
ਤਿੜਕੇ ਸ਼ੀਸ਼ੇ ਦੇ ਸਾਹਵੇਂ ਜਦ ਜਾਏਂਗਾ।

ਕੱਖਾਂ ਵਿਚ ਤੂੰ ਮਘਦਾ ਕੋਲਾ ਰੱਖ ਲਿਐ,
ਵੇਖਾਂਗੇ ਹੁਣ ਧੂੰਆਂ ਕਿੰਜ ਛੁਪਾਏਂਗਾ।

ਉਹ ਦਿਨ ਜਿਹੜੇ ਰਚ ਗਏ ਆਪਣੇ ਸਾਹਾਂ ਵਿਚ,
ਸਾਨੂੰ ਵੀ ਕੁਝ ਦੱਸ ਦੇ ਕਿਵੇਂ ਭੁਲਾਏਂਗਾ।

ਘਿਰ ਜਾਏਂਗਾ ਇਕ ਦਿਨ ਵਿਚ ਸਵਾਲਾਂ ਦੇ,
ਕਿਸ-ਕਿਸ ਨੂੰ ਫਿਰ ਕੀ ਕੀ ਤੂੰ ਸਮਝਾਏਂਗਾ।

ਇਕ ਅੱਧ ਹਉਕਾ ਮੇਰੇ ਨਾਂ ਵੀ ਕਰ ਜਾਈਂ,
ਏਨਾ ਵੀ ਨਾ ਮੇਰੇ ਲਈ ਪਛਤਾਏਂਗਾ।

ਘੁੱਟ-ਘੁੱਟ ਕਰ ਕੇ ਦਿਲ ਨੇ ਹਾਸਾ ਪੀਤਾ ਜੋ,
ਹੰਝੂ-ਹੰਝੂ ਕਰ ਕੇ ਅੱਖੀਆਂ ’ਚੋਂ ਛਲਕਾਏਂਗਾ।

•

## ਨਾ ਪਰਦੇਸੀ, ਨਾ ਪੰਛੀ

ਨਾ ਪਰਦੇਸੀ, ਨਾ ਪੰਛੀ, ਨਾ ਜੋਗੀ ਦਾ ਇਕਰਾਰ।
ਤੇਰੀ ਧੜਕਣ ਦੇ ਵਿਚ ਵਸਦਾ 'ਵਾਜ ਕਦੇ ਵੀ ਮਾਰ।

ਉੱਚੇ ਪਰਬਤ, ਗਹਿਰਾ ਸਾਗਰ, ਜੰਗਲ ਰੇਤਾ, ਪੌਣ,
ਕਿਹੜੀ ਕਿਹੜੀ ਥਾਂ ਨਾ ਦਿੱਤਾ ਆਪਣਾ ਆਪ ਖਿਲਾਰ।

ਸੂਰਜ ਹੀ ਹੋ ਜਾਣਾ ਇਕ ਦਿਨ ਜਾਣਾ ਏਨਾ ਫੈਲ,
ਅੱਜ ਤੇਰੇ ਲਈ ਜੁਗਨੂੰ ਹਾਂ ਮੈਂ ਕਰ ਮੇਰਾ ਇਤਬਾਰ।

ਆਪਣੀ ਚਾਲੇ ਤੁਰਦਾ-ਤੁਰਦਾ ਮੰਜ਼ਿਲ ਪਾ ਲਾਂਗਾ,
ਨਾ ਪੁੰਨ ਦਾ ਹੈ ਲਾਲਚ ਮੈਨੂੰ ਨਾ ਪਾਪਾਂ ਦਾ ਭਾਰ।

ਇਕ ਦਿਨ ਅੰਬਰ ਤਕ ਪੁੱਜੇਗੀ ਪੈਰਾਂ ਦੀ ਇਹ ਖ਼ਾਕ,
ਇਸ ਧਰਤੀ 'ਤੇ ਆ ਕੇ ਡਿੱਗਣੀ ਇਕ ਦਿਨ ਉੱਡਦੀ ਡਾਰ।

•

## ਕਬਰ ਦਾ ਨੇਰਾ, ਡੂੰਘੀ ਚੁੱਪ

ਕਬਰ ਦਾ ਨੇਰਾ, ਡੂੰਘੀ ਚੁੱਪ, ਨਾ ਸੀ ਕੋਈ ਕਨਸੋਅ।
ਤੇਰੀ ਆਮਦ ਇੰਜ ਹੈ ਅੜੀਏ, ਜਿਉਂ ਜੁਗਨੂੰ ਦੀ ਲੋਅ।

ਚੰਗਾ ਹੈ ਕਿ ਲਟ-ਲਟ ਬਲ ਕੇ ਸੂਰਜ ਹੀ ਹੋ ਜਾਵੇ,
ਜਨਮ-ਜਨਮ ਦਾ ਸੰਘਣਾ ਨ੍ਹੇਰਾ ਹੁਣ ਨਈਂ ਹੁੰਦਾ ਢੋਅ।

ਮੈਂ ਵੀ ਸ਼ਾਇਦ ਮਹਿਕਾਂ ਤੇ ਅੰਬਰ ਤਕ ਛਾਂ ਜਾਵਾਂ,
ਫੁੱਲ ਜਾਈਏ ਖ਼ੁਸ਼ਬੂ ਜਿਹੀਏ ਇਕ ਪਲ ਕੋਲ ਖਲੋ।

ਖ਼ਬਰੇ ਤੇਰੇ ਮਨ ਵਿਚ ਕੀ ਹੈ ਇਹ ਤੂੰ ਹੀ ਜਾਣੇ,
ਸਾਨੂੰ ਤਾਂ ਹੱਸਣਾ ਵੀ ਭੁੱਲਿਆ ਨਾ ਹੁੰਦਾ ਹੁਣ ਰੋ।

ਗ਼ਜ਼ਲ ਦਾ ਮਿਸਰਾ, ਤਾਨ ਗੀਤ ਦੀ ਜਾਂ ਵੰਝਲੀ ਦੀ ਹੂਕ,
ਵੇਖਾਂ ਤੈਨੂੰ ਯਾਦ ਹੈ ਆਉਂਦੀ ਫੁੱਲਾਂ ਦੀ ਖ਼ੁਸ਼ਬੋ।

•

# ਦਿਲ ਨੂੰ ਗੱਲ ਸਮਝਾਈ

ਦਿਲ ਨੂੰ ਗੱਲ ਸਮਝਾਈ ਮੇਲਾ ਦੋ ਦਿਨ ਦਾ।
ਦਿਲ ਨੂੰ ਗੱਲ ਨਾ ਭਾਈ, ਮੇਲਾ ਦੋ ਦਿਨ ਦਾ।

ਮੇਲਾ ਕਿਹੜਾ ਸਾਰੀ ਉਮਰ ਹੀ ਲੱਗਦਾ ਹੈ,
ਦੋ ਦਿਨ ਰੌਣਕ ਲਾਈ ਮੇਲਾ ਦੋ ਦਿਨ ਦਾ।

ਮੇਲੇ ਵਿਚ ਤਾਂ ਨੱਚੋ ਭਾਵੇਂ ਜੀ ਭਰ ਕੇ,
ਪਿੱਛੋਂ ਜੱਗ ਹਸਾਈ ਮੇਲਾ ਦੋ ਦਿਨ ਦਾ।

ਮੇਲੇ ਵਿਚ ਤਾਂ ਹੱਸ-ਹੱਸ ਗੱਲਾਂ ਹੋਣਗੀਆਂ,
ਪਿੱਛੋਂ ਗੱਲ ਭੁਲਾਈ ਮੇਲਾ ਦੋ ਦਿਨ ਦਾ।

ਹਸਦੀਆਂ ਅੱਖਾਂ ਵਿਚ ਹੀ ਹੰਝੂ ਭਰ ਆਉਂਦੇ,
ਪੈਂਦੀ ਜਦੋਂ ਜੁਦਾਈ ਮੇਲਾ ਦੋ ਦਿਨ ਦਾ।

ਰੰਗ ਸੁਗੰਧਾਂ ਲੈ ਕੇ ਉਹ ਤਾਂ ਜਾ ਉਡਿਆ,
ਪੈਂਦੀ ਖੇਹ ਉਡਾਈ ਮੇਲਾ ਦੋ ਦਿਨ ਦਾ।

ਪਾਓ ਨੀ ਮੇਰੇ ਅੱਖੀਂ ਮੇਲੇ ਮੈਂ ਜਾਣਾ,
ਸੁਰਮਾ ਇਕ ਸਲਾਈ ਮੇਲਾ ਦੋ ਦਿਨ ਦਾ।

ਅੱਖਾਂ ਵਿਚ ਹੀ ਅੱਖਾਂ ਗੱਲਾਂ ਕਰ ਜਾਵਣ,
ਨਾ ਹੋਵੇ ਰੁਸਵਾਈ ਮੇਲਾ ਦੋ ਦਿਨ ਦਾ।

ਦੋ ਪਲ ਤੇਰੇ ਸੰਗ ਸੀ ਜਿਹੜਾ ਬੋਲ ਪਿਆ,
ਐਵੇਂ ਗੱਲ ਵਧਾਈ ਮੇਲਾ ਦੋ ਦਿਨ ਦਾ।

ਵਰ੍ਹਿਆਂ ਪਿੱਛੋਂ ਮੇਲ ਅਚਾਨਕ ਮੇਲੇ ਵਿਚ,
ਘੁੰਡ ਵਿਚ ਹੀ ਸ਼ਰਮਾਈ ਮੇਲਾ ਦੋ ਦਿਨ ਦਾ।

ਮੇਲਾ ਕਾਹਦਾ ਤੇਰਾ ਮੇਰਾ ਮੇਲਾ ਹੈ,
ਰੂਹ ਵਿਚ ਰੂਹ ਸਮਾਈ ਮੇਲਾ ਦੋ ਦਿਨ ਦਾ।

•

## ਸਮੇਂ-ਸਮੇਂ ਦੀਆਂ ਗੱਲਾਂ ਯਾਰਾਂ

ਸਮੇਂ-ਸਮੇਂ ਦੀਆਂ ਗੱਲਾਂ ਯਾਰਾਂ ਸਮੇਂ-ਸਮੇਂ ਦੇ ਬੋਲ।
ਰਹਿਣ ਦਈਂ ਜੋ ਕਬਰਾਂ ਹੋ ਗਏ ਨਾ ਹੁਣ ਕਬਰਾਂ ਨੂੰ ਫੋਲ।

ਤੇਰੇ ਚਾਰ-ਚੁਫੇਰੇ ਪਿੰਜਰੇ ਜੇ ਤੋੜ ਸਕੇ ਤਾਂ ਤੋੜ,
ਨਹੀਂ ਤਾਂ ਬਹਿ ਜਾ ਚੁੱਪ ਕਰ ਕੇ ਤੂੰ ਨਾ ਐਵੇਂ ਹੁਣ ਪਰ ਤੋਲ।

ਕਿਸ ਨੂੰ ਯਾਦ ਕਰਾਂ ਮੈਂ ਅੱਜ ਕੱਲ੍ਹ ਤੇ ਖ਼ਤ ਕਿਸ ਨੂੰ ਮੈਂ ਪਾਵਾਂ,
ਅੰਦਰ ਬਾਹਰ ਇਕ ਖ਼ਲਾਅ ਜਾਂ ਤਨਹਾਈ ਮੇਰੇ ਕੋਲ।

ਦੂਰ ਦੁਰਾਡੇ ਸੱਜਣ ਵਸਦੇ ਯਾਦਾਂ ਵੀ ਧੁੰਦਲਾਈਆਂ,
ਨਾ ਪਹੁੰਚਣ ਦੀ ਹਿੰਮਤ ਉਥੇ ਨਾ ਸੱਦ ਸਕਦਾ ਕੋਲ।

ਮਿੱਠੀ-ਮਿੱਠੀ ਪੌਣ ਜਦੋਂ ਵੀ ਰੁਮਕੇ ਮਹਿਕਾਂ ਲੱਦੀ,
ਚੇਤੇ ਆਉਂਦਾ ਉਸ ਦਾ ਹਾਸਾ ਉਸ ਦੇ ਮਿੱਠੇ ਬੋਲ।

ਕਦ ਅੱਥਰੂ ਕਦ ਮਹਿਕਾਂ ਵੰਡੇ, ਕਦ ਚੁੱਪ ਅਤੇ ਕਦ ਗੂੰਜ,
ਮੈਂ ਤਾਂ ਇਸ ਮੌਸਮ ਨੇ ਐਵੇਂ ਠੱਗਿਆ ਯਾਰ ਅਭੋਲ।

•

## ਜੋ ਕੁਝ ਵੀ ਹਾਂ

ਜੋ ਕੁਝ ਵੀ ਹਾਂ ਇਸ ਨੂੰ ਜਾ ਕੇ ਕਿਥੇ ਦੱਸ ਦਿਖਾਵਾਂ।
ਜੋ ਕੁਝ ਵੀ ਹਾਂ ਇਸ ਨੂੰ ਜਾ ਕੇ ਕਿਥੇ ਦੱਸ ਲੁਕਾਵਾਂ।

ਪਰਬਤ ਵਾਂਗੂੰ ਸਾਹਵੇਂ ਤੇਰੇ ਦਰਿਆ ਵਾਂਗੂੰ ਨੰਗਾ,
ਨੰਗ ਆਪਣੇ ਨੂੰ ਕੱਜਣ ਖ਼ਾਤਰ ਤੂੰ ਦੱਸ ਕੀ ਪਹਿਨਾਵਾਂ।

ਏਸੇ ਕਰਕੇ ਹੀ ਇਕ ਥਾਂ ਮੈਂ ਬਿੰਦੂ ਬਣ ਕੇ ਰੁਕਿਆ,
ਹਰ ਰਸਤੇ ਵਿਚ ਤੂੰ ਹੀ ਦਿਸਦਾ ਜਿਹੜੇ ਰਸਤੇ ਜਾਵਾਂ।

ਮਨ ਅੰਦਰ ਲੈ ਆਸ ਕਿਰਨ ਦੀ ਹੱਥ ਫੁੱਲਾਂ ਦੇ ਗੁੱਛੇ,
ਰੋਜ਼ ਲਹੂ ਦੇ ਭਰ ਦਰਿਆ ਵਿਚ ਜਾ ਕੇ ਕਿੰਜ ਨਹਾਵਾਂ।

ਤਨ ਮੇਰੇ ਨੂੰ ਤਦ ਹੀ ਮਿਲਿਆ ਚੈਨ ਘੜੀ ਦੋ ਪਲ ਦਾ,
ਸੁੱਤਾ ਹੇਠ ਵਿਛਾ ਕੇ ਜਦ ਮੈਂ ਆਪਣਾ ਹੀ ਪਰਛਾਵਾਂ।

•

## ਸਭ ਕੁਝ ਤੁਹਾਡੇ ਕੋਲ ਹੈ

ਸਭ ਕੁਝ ਤੁਹਾਡੇ ਕੋਲ ਹੈ ਮਰਜ਼ੀ ਜੋ ਚੁਣ ਲਵੋ।
ਉੱਡਣ ਲਈ ਅਕਾਸ਼ ਜਾਂ ਫਿਰ ਜਾਲ ਬੁਣ ਲਵੋ।

ਮੈਂ ਵਕਤ ਹਾਂ ਮੈਂ ਰੋਕਿਆਂ ਰੁਕਣਾ ਨਹੀਂ ਕਦੀ,
ਚਾਹਤ ਹੈ ਆਪ ਦੀ ਭਲਾ ਚਾਹੋ ਤਾਂ ਹੁਣ ਲਵੋ।

ਚੰਗਾ ਹੈ ਬੀਤੇ ਵਕਤ ਨੂੰ ਸਾਂਭ ਰੱਖਣਾ,
ਆਪਣੇ ਦਿਲਾਂ 'ਤੇ ਹੂ-ਬ-ਹੂ ਯਾਦਾਂ ਨੂੰ ਖੁਣ ਲਵੋ।

ਮਨ ਨੂੰ ਤਸੱਲੀ ਜੋ ਦਏ ਰੂਹ ਨੂੰ ਦਏ ਆਰਾਮ,
ਜਿਥੋਂ ਮਿਲੇ, ਜਿਵੇਂ ਮਿਲੇ ਯਾਰੋ! ਇਹ ਗੁਣ ਲਵੋ।

ਕੁਝ ਕਹਿੰਦੇ ਕਹਿੰਦੇ ਰਹਿ ਗਏ, ਪੱਥਰ ਜੋ ਹੋ ਗਏ,
ਉਹਨਾਂ ਦੀ ਦਾਸਤਾਂ ਵੀ ਤਾਂ ਕੁਝ ਦੇਰ ਸੁਣ ਲਓ।

•

## ਜਿਹੜਾ ਬੰਦਾ ਖ਼ੁਸ਼ ਹੋ ਜਾਵੇ

ਜਿਹੜਾ ਬੰਦਾ ਖ਼ੁਸ਼ ਹੋ ਜਾਵੇ ਆਪਣੀ ਬਾਜ਼ੀ ਹਾਰ।
ਆਇਆ ਹੁੰਦਾ ਲੰਮਾ ਪੈਂਡਾ, ਦੁੱਖ-ਸੁੱਖ ਬੜਾ ਸਹਾਰ।

ਨਾਲ ਇਬਾਦਤ ਲੋਅ ਬਣ ਜਾਂਦੀ ਲਾਂਬੂ ਨਫ਼ਰਤ ਸੰਗ,
ਅੱਗ ਦਾ ਕੀ ਹੈ ਉਸ ਬਲ ਪੈਣਾ ਬਾਲੋ ਸੋਚ ਵਿਚਾਰ।

ਮਨ ਮਰਜ਼ੀ ਦਾ ਚਿਹਰਾ ਮੋਹਰਾ ਉਸ ਦੇ ਵਿੱਚੋਂ ਲੱਭੀਏ,
ਨਾਲ ਹੁਨਰ ਦੇ ਲੱਕੜ ਪੱਥਰ ਘੜੀਏ ਜਦੋਂ ਸੰਵਾਰ।

ਦੁਨੀਆਦਾਰਾਂ ਨੇ ਜੋ ਮਿੱਥ ਲਏ ਸਭ ਰਿਸ਼ਤੇ ਲੱਭ ਜਾਣੇ,
ਦੋਸਤੀਆਂ ਜਿਹੇ ਨਿੱਘੇ ਰਿਸ਼ਤੇ ਲੱਭਦੇ ਜਾਨਾਂ ਵਾਰ।

ਜੇ ਕੁਝ ਹੋਇਆ ਕੁੰਦਨ ਬਣ ਜੂ ਨਹੀਂ ਤਾਂ ਰਾਖ ਦੀ ਢੇਰੀ,
ਵੇਖ ਲਵਾਂਗੇ ਅੱਗ ਦੇ ਵਿੱਚੋਂ ਆਪਣਾ ਆਪ ਗੁਜ਼ਾਰ।

ਮਨ ਮਰਿਆ ਤਾਂ ਮੋਹ ਘਰ ਜਾਂਦੈ, ਮੋਹ ਮਰਿਆਂ ਜਿੰਦ ਮਰਦੀ,
ਮਨ ਖਿੜਿਆ ਤਾਂ ਮਹਿਕ ਹੈ ਬਣਦਾ ਕੀ ਲੈਣਾ ਮਨ ਮਾਰ।

•

## ਰੱਖਿਉ ਉਨ੍ਹਾਂ ਨੂੰ ਵੀ

ਰੱਖਿਉ ਉਨ੍ਹਾਂ ਨੂੰ ਵੀ ਤੁਸੀਂ ਬੀਬਾ ਸੰਭਾਲ ਕੇ।
ਸੋਚਾਂ ਨੂੰ ਜਿਹੜੇ ਰੱਖਦੇ ਮੱਥੇ 'ਚ ਬਾਲ ਕੇ।

ਖ਼ਾਹਿਸ਼ ਤੇਰੀ ਦਾ ਰੂਪ ਮੈਂ ਸਾਕਾਰ ਕਰ ਦਿਆਂ,
ਮਿੱਟੀ ਕਹੇ ਕਿ ਵੇਖ ਲੈ ਮੈਨੂੰ ਤੂੰ ਢਾਲ ਕੇ।

ਤੁਰਦੇ ਨੇ ਸਿਰੜ ਨਾਲ ਉਹ ਜੋ ਰੌਸ਼ਨੀ ਲਈ,
ਆਖ਼ਰ ਨੂੰ ਰੌਸ਼ਨੀ ਕਿਤੋਂ ਲੈ ਆਉਣਾ ਭਾਲ ਕੇ।

ਹੁੰਦੀ ਬੜੀ ਹੈ ਰਾਤ ਡਰਾਉਣੀ ਉਨ੍ਹਾਂ ਲਈ,
ਫਿਰਦੇ ਨੇ ਮੋਮਬੱਤੀਆਂ ਜੋ ਦਿਨ 'ਚ ਬਾਲ ਕੇ।

ਉਦੋਂ ਤੁਹਾਡੇ ਬੋਲ ਵੀ ਦੁਹਰਾਏ ਜਾਣਗੇ,
ਪਹਿਲਾਂ ਤਾਂ ਵੇਖੋ ਮਿੱਤਰੋ ਉਮਰਾਂ ਨੂੰ ਗਾਲ ਕੇ।

ਚੁੱਲ੍ਹੇ ਦਾ ਨਿੱਘ ਜੇ ਨਹੀਂ ਬਸਤੀ ਉਹ ਸਾੜ ਦੇਣ,
ਫਿਰਦੇ ਨੇ ਸ਼ੌਕ ਅੱਗ ਦਾ ਜੋ ਲੋਕ ਪਾਲ ਕੇ।

•

# ਉਮਰ ਦੀ ਟਹਿਣੀ

ਉਮਰ ਦੀ ਟਹਿਣੀ, ਆਸ ਦਾ ਪੰਛੀ ਚਾਹਤ ਦਾ ਇਕ ਗੀਤ ਚਲੇ।
ਕੱਲ੍ਹ ਸਵੇਰੇ ਫਿਰ ਉੱਗ ਆਉਣਾ, ਸੂਰਜ ਜਿਹੜਾ ਸ਼ਾਮ ਢਲੇ।

ਬਸਤੀ ਦੇ ਕੁਝ ਘਰਾਂ ਦੇ ਅੰਦਰ ਜ਼ਿੰਦਗਾਨੀ ਦੀ ਕਲੀ ਖਿੜੇ,
ਬਸਤੀ ਦੇ ਬਾਹਰ ਹੀ ਬੇਸ਼ੱਕ ਲਟ-ਲਟ ਕਰਦਾ ਸਿਵਾ ਬਲੇ।

ਕੁਝ ਨਾ ਕੁਝ ਤਾਂ ਘੱਟ ਜਾਂਦਾ ਹੈ, ਡਰ ਨ੍ਹੇਰਾ ਤੇ ਸਹਿਮ ਜਿਹਾ,
ਸੰਘਣੇ ਨ੍ਹੇਰੇ ਇਕ ਟਟਿਹਣਾ, ਜਾਂ ਦੀਵੇ ਦੀ ਲਾਟ ਬਲੇ।

'ਵਾ ਦੀ ਸਰ-ਸਰ ਬਣ ਜਾਂਦੀ ਹੈ ਇਕ ਸਹਾਰਾ ਓਥੇ ਵੀ,
ਬੇਸ਼ੱਕ ਬੰਦਾ ਸਹਿਰਾ ਦੇ ਵਿਚ, 'ਕੱਲਾ-ਕਾਰਾ ਆਣ ਖਲੇ।

ਸੁਬ੍ਹਾ ਦੀ ਲਾਲੀ ਸਿਖ਼ਰ ਦੁਪਹਿਰਾ ਨਿੱਘ ਸ਼ਾਮ ਦਾ ਯਾਦ ਕਰੀਂ,
ਐਵੇਂ ਨਾ ਘਬਰਾਵੀਂ ਬੀਬਾ, ਉਮਰਾ ਦੀ ਜਦ ਸ਼ਾਮ ਢਲੇ।

•

## ਸਵੇਰੇ ਫੇਰ ਆਵਾਂਗਾ

ਸਵੇਰੇ ਫੇਰ ਆਵਾਂਗਾ, ਸੀ ਧਰਤੀ ਨੂੰ ਕਿਹਾ ਸੂਰਜ।
ਹਨੇਰੇ ਨੇ ਕਿਹਾ, ਚੰਗਾ ਹੀ ਹੋਇਆ, ਢਲ ਗਿਆ ਸੂਰਜ।

ਅਸਾਨੂੰ ਆਪਣੇ ਹੀ ਘਰ ਦੇ ਚਾਨਣ ਦੀ ਰਹੀ ਚਿੰਤਾ,
'ਤੇ ਸਾਰੀ ਧਰਤ ਦੇ ਕਣ ਕਣ ਲਈ, ਹੈ ਭਟਕਿਆ ਸੂਰਜ।

ਲਹੂ ਦੇ ਅੱਥਰੂ ਕੇਰੇ ਤੜਪ ਕੇ ਰਾਤ ਸੀ ਲੰਘੀ,
ਜਦੋਂ ਕੱਲ੍ਹ ਸ਼ਾਮ ਨੂੰ ਸੀ, ਝੀਲ ਦੇ ਵਿਚ ਡੁੱਬਿਆ ਸੂਰਜ।

ਉਹਦੇ ਵਿਚ ਧੜਕ ਉੱਠੀ ਜ਼ਿੰਦਗੀ, ਪਲ ਦੋ ਪਲਾਂ ਖ਼ਾਤਰ,
ਨਪੱਤਰੇ ਰੁੱਖ ਦੀ ਟਾਹਣੀ 'ਤੇ, ਜਦ ਸੀ ਬਹਿ ਗਿਆ ਸੂਰਜ।

ਨਸ਼ਰ ਕਰਦਾ ਫਿਰੇਗਾ, ਰੌਸ਼ਨੀ ਵਿਚ ਇਹ ਗੁਨਾਹ ਮੇਰੇ,
ਹਨੇਰੇ ਦੀ ਸਦਾ ਹੀ, ਅੱਖ ਦੇ ਵਿਚ ਰੜਕਿਆ ਸੂਰਜ।

•

## ਸੁੱਖ ਦੇ ਸੌ-ਸੌ ਰੰਗ ਨੇ ਹੁੰਦੇ

ਸੁੱਖ ਦੇ ਸੌ-ਸੌ ਰੰਗ ਨੇ ਹੁੰਦੇ ਦੁੱਖ ਦਾ ਇੱਕੋ ਰੰਗ ਓ ਬੀਬਾ।
ਦੁੱਖ-ਸੁੱਖ ਵਿਚਲੀ ਥਾਵੇਂ ਰਹਿਣਾ ਹੀ ਜੀਵਨ ਦਾ ਢੰਗ ਓ ਬੀਬਾ।

ਇਸ ਨੂੰ ਰੋਕਣ ਦਾ ਨਾ ਚਾਰਾ, ਇਸ ਨੂੰ ਤੋੜ ਸਕੇ ਨਾ ਕੋਈ,
ਪੂਰੀ ਆਦਮ ਜਾਤ 'ਚ ਵਗਦੀ ਇੱਕੋ ਇਕ ਤਰੰਗ ਓ ਬੀਬਾ।

ਉਸ ਦਾ ਕੀ ਹੈ, ਮੇਰਾ ਕੀ ਹੈ, ਕੀ ਖੋਹਣਾ ਮੈਂ ਕੀ ਨਈਂ ਦੇਣਾ,
ਏਸੇ ਗੱਲ ਦੀ ਠੰਢੀ ਤੱਤੀ ਜੁਗਾਂ-ਜੁਗਾਂ ਤੋਂ ਜੰਗ ਓ ਬੀਬਾ।

ਵੱਡੇ-ਵੱਡੇ ਮਸਲੇ ਬਣ ਕੇ ਉਲਝਣ ਬਣਦੀ ਰੋਜ਼ ਨਵੀਂ ਇਕ,
ਜਦ ਤਕ ਦੁਨੀਆਦਾਰਾ ਤੇਰਾ ਰਹੂ ਨਜ਼ਰੀਆ ਤੰਗ ਓ ਬੀਬਾ।

ਜੋ ਟੁੱਟਦੇ ਵਿਸ਼ਵਾਸ ਨਈਂ ਹੁੰਦੇ, ਟੁੱਟਦੇ ਨਾ ਵਿਸ਼ਵਾਸ ਕਦੇ ਵੀ,
ਬੇ-ਵਿਸ਼ਵਾਸੀ ਤਾਂ ਹੁੰਦੀ ਹੈ, ਕੱਚੇ ਕੱਚ ਦੀ ਵੰਗ ਓ ਬੀਬਾ।

•

## ਮੈਂ ਖ਼ਾਲੀ ਅੰਬਰ ਘੂਰਿਆ

ਮੈਂ ਖ਼ਾਲੀ ਅੰਬਰ ਘੂਰਿਆ ਤੇ ਆਪਣੇ ਆਪ 'ਚ ਝੂਰਿਆ,
ਕਿਸੇ ਜ਼ੋਰਾਵਰ ਨੇ ਆਣ ਕੇ ਮੇਰੀ ਲੁੱਟੀ ਜਦੋਂ ਪਤੰਗ।

ਮੇਰੀ ਇਹ ਕਿਹੋ ਜਿਹੀ ਹਾਰ ਸੀ, 'ਤੇ ਛਾਇਆ ਨ੍ਹੇਰ ਗੁਬਾਰ ਸੀ,
ਮੇਰੇ ਹੱਥੋਂ ਸਾਰੇ ਡੁੱਲ੍ਹ ਗਏ ਜਦ ਇਕ-ਇਕ ਕਰ ਕੇ ਰੰਗ।

ਇਕ ਅਣਦਿਸਦਾ ਹਥਿਆਰ ਹੈ, ਜੋ ਕਰਦਾ ਰਹਿੰਦਾ ਵਾਰ ਹੈ,
ਮੈਂ ਆਪਣੇ ਹੀ ਸੰਗ ਲੜ ਰਿਹਾ, ਇਕ ਠੰਢੀ ਤੱਤੀ ਜੰਗ।

ਜਦ ਪੰਛੀ ਮੁੜ ਨਾ ਪਰਤਿਆ, ਮੈਂ ਕੀ-ਕੀ ਨਹੀਂ ਸੀ ਜਰ ਗਿਆ,
ਓਹਦੀ ਕੂਹ-ਕੂਹ, ਕੂਹ-ਕੂਹ ਰਹਿ ਗਈ, ਮੇਰੇ ਮਨ ਦੇ ਬਿਰਖਾਂ ਸੰਗ।

ਮੇਰੇ ਮੂੰਹ 'ਤੇ ਤਾਂ ਮੁਸਕਾਣ ਸੀ, ਮੈਂ ਅੰਦਰੋਂ ਲਹੂ-ਲੁਹਾਣ ਸੀ,
ਜਦ ਟੁੱਕੜੇ-ਟੁੱਕੜੇ ਹੋ ਕੇ ਓਹਦੀ ਰੁਲ ਗਈ ਇਕ ਇਕ ਵੰਗ।

ਮੈਂ ਐਵੇਂ ਤਾਂ ਨਈਂ ਮਰ ਗਿਆ, ਉਹ ਲੁਕਵਾਂ ਵਾਰ ਸੀ ਕਰ ਗਿਆ,
ਮੈਨੂੰ ਯਾਦ ਸਦਾ ਹੀ ਰਹਿਣਗੇ, ਉਸ ਬੇ-ਢੰਗੇ ਦੇ ਢੰਗ।

•

## ਸੰਤਾਪੇ ਜਿਹੇ ਮੌਸਮ ਤੋਂ

ਸੰਤਾਪੇ ਜਿਹੇ ਮੌਸਮ ਤੋਂ ਕੁਝ ਦੇਰ ਲਈ ਇਹ ਮੰਗੀਏ।
ਸੁੱਕਦੇ ਜਾਂਦੇ ਟਾਹਣਾਂ ਉੱਤੇ ਕੁਝ ਤਾਂ ਪੱਤੇ ਟੰਗੀਏ।

ਇਕ ਅਰਸੇ ਤੋਂ ਕਾਲਾ ਭੂਰਾ ਤੇ ਘਸਮੈਲਾ ਤੱਕਿਆ,
ਸਾਡੇ ਵਿਹੜੇ ਕਦ ਆਏਂਗੀ ਰੁੱਤੇ ਰੰਗ ਬਰੰਗੀਏ।

ਪਗ-ਪਗ ਉੱਤੇ ਲਾਸ਼ਾਂ ਵਿਛੀਆਂ, ਚੀਕਾਂ ਕੂਕਾਂ ਵੈਣ,
ਕਿਹੜੇ ਘਰ ਦੇ ਦਰ ’ਤੇ ਜਾ ਕੇ ਸ਼ਗਨਾਂ ਦੇ ਪੱਤੇ ਟੰਗੀਏ।

ਲਾਲ ਰੰਗ ਤਾਂ ਬਹੁਤ ਹੋ ਗਿਆ ਕੈਨਵਸ ਮੇਰੀ ’ਤੇ,
ਆ ਇਸ ਨੂੰ ਹੁਣ ਨੀਲੇ, ਪੀਲੇ, ਹਰੇ, ਰੰਗ ਸੰਗ ਰੰਗੀਏ।

ਨਫ਼ਰਤ ਹੱਥੋਂ ਲੱਗੇ ਜਿਹੜੇ ਦਾਗ਼ ਦਿਲਾਂ ਦੇ ਧੋਣੇ,
ਪਿਆਰ ਦੇ ਚਸ਼ਮੇ ਕੋਲੋਂ ਜਾ ਕੇ ਦੋ ਘੁੱਟ ਪਾਣੀ ਮੰਗੀਏ।

•

## ਨਾ ਹਿੰਮਤ ਹਾਰ ਬਹਿਣਾ

ਨਾ ਹਿੰਮਤ ਹਾਰ ਬਹਿਣਾ ਤੰਦ ਆਸਾਂ ਦੀ ਬਚਾ ਰੱਖਿਓ।
ਤੁਸੀਂ ਨ੍ਹੇਰੇ ਘਰੀਂ ਦਹਿਲੀਜ਼ 'ਤੇ ਦੀਵਾ ਜਗਾ ਰੱਖਿਓ।

ਪਤਾ ਨਈਂ ਕਦ ਉਹ ਆ ਜਾਵੇ ਉਡੀਕ ਐਨੀ ਜਿਦ੍ਹੀ ਲੰਮੀ,
ਗਲੀ, ਘਰ ਬਾਰ, ਖੱਲਾਂ-ਖੂੰਜਿਆਂ ਤਕ ਨੂੰ ਸਜਾ ਰੱਖਿਓ।

ਗਏ ਉਹ ਰੁੱਸ ਕੇ ਭਾਵੇਂ ਮਨਾਂ ਵਿਚ ਲੱਖ ਸਨ ਸ਼ਿਕਵੇ,
ਘਰਾਂ ਦੇ ਮੱਥਿਆਂ 'ਤੇ ਤਾਂ ਵੀ 'ਜੀ ਆਇਆਂ' ਲਿਖਾ ਰੱਖਿਓ।

ਚਲੋ ਮੰਨਿਆ ਅਚਾਨਕ ਟੁੱਟ ਜਾਂਦੀ ਤੰਦ ਸਾਹਾਂ ਦੀ,
ਤੁਸੀਂ ਪਰ ਆਉਣ ਵਾਲੇ ਵਕਤ ਲਈ ਖ਼ਾਕਾ ਬਣਾ ਰੱਖਿਓ।

ਅਸੀਂ ਜੇ ਨਾ ਮੁੜੇ, ਸਾਡੇ ਜਿਹੇ ਹੀ ਮੁੜਨਗੇ ਇਕ ਦਿਨ,
ਨਹੀਂ ਜੇ ਸੂਰਜਾ, ਜੁਗਨੂੰ ਦੀਆਂ ਆਸਾਂ ਲਗਾ ਰੱਖਿਓ।

•

## ਤੇਰਾ ਨਾਂ ਲਿਖਣਾ

ਤੇਰਾ ਨਾਂ ਲਿਖਣਾ ਮੈਂ ਜਦ ਵੀ ਸ਼ੁਰੂ ਕਰਾਂ।
ਪੂਰਾ ਨਾਂ ਲਿਖਣ ਤੋਂ ਪਹਿਲਾਂ ਅੱਖ ਭਰਾਂ।

ਮੇਰੇ ਕੋਲੋਂ ਤੁਰਿਓਂ ਇਸ ਦਾ ਵੀ ਗ਼ਮ ਹੈ,
ਗ਼ਲਤ ਜਗ੍ਹਾ ਤੂੰ ਗਿਉਂ ਮੈਂ ਦੂਹਰਾ ਦੁੱਖ ਜਰਾਂ।

ਨਾ ਇਸ ਕੰਢੇ ਨਾ ਉਸ ਪਾਸੇ ਤੂੰ ਮਿਲਿਓਂ,
ਨੰਗੇ ਪਿੰਡੇ ਰੋਜ਼ ਮੈਂ ਅੱਗ ਦੀ ਝੀਲ ਤਰਾਂ।

ਜ਼ਖ਼ਮ ਮਿਲੇ ਅਣਗਿਣਤ ਦਿਲਾਸਾ ਕੋਈ ਨਾ,
ਹੁਣ ਤਾਂ ਸ਼ਬਦ ਮੁਹੱਬਤ ਤੋਂ ਮੈਂ ਬਹੁਤ ਡਰਾਂ।

•

## ਮੈਂ ਗਲ਼ ਵਿਚ ਗਾਨੀਆਂ

ਮੈਂ ਗਲ਼ ਵਿਚ ਗਾਨੀਆਂ ਪਾ ਕੇ ਅਜੇ ਉਸ ਨੂੰ ਸਜਾਉਣਾ ਸੀ।
ਖ਼ੁਸ਼ੀ ਵਿਚ ਫੇਰ ਉਸ ਪੰਛੀ ਨੇ ਜਾ ਕੇ ਚਹਿਚਹਾਉਣਾ ਸੀ।

ਨਾ ਖਾਂਦਾ ਚੂਰੀਆਂ ਮਰਜ਼ੀ ਉਹਦੀ ਮਜਬੂਰ ਕਿਉਂ ਕਰਦੇ,
ਅਸੀਂ ਤਾਂ ਮਾਸ ਵੀ ਦਿਲ ਦਾ ਅਜੇ ਉਸ ਨੂੰ ਖੁਆਉਣਾ ਸੀ।

ਕਿਸੇ ਪਰ ਕਤਰ ਲਏ ਹੋਣੇ ਜਾਂ ਜ਼ਖ਼ਮੀ ਹੋ ਗਿਆ ਹੋਣੈ,
ਨਹੀਂ ਤਾਂ ਓਸ ਪੰਛੀ ਨੇ ਕਦੋਂ ਦਾ ਪਰਤ ਆਉਣਾ ਸੀ।

ਅਜੇ ਰਹਿਣਾ ਹੀ ਚੰਗਾ ਸੀ ਇਸੇ ਥਾਂ 'ਤੇ ਹੀ ਇਸ ਰੁੱਖ ਦਾ,
ਹਜ਼ਾਰਾਂ ਪੰਛੀਆਂ ਨੇ ਆਲ੍ਹਣਾ ਇਸ 'ਤੇ ਬਣਾਉਣਾ ਸੀ।

•

## ਜੇ ਕੁਝ ਹੋਰ ਸਮਾਂ

ਜੇ ਕੁਝ ਹੋਰ ਸਮਾਂ ਉਹ ਮੇਰੇ ਕੋਲ ਰਿਹਾ।
ਸੁਣੇਗਾ ਮੇਰੇ ਮਨ ਅੰਦਰ ਜੋ ਬੋਲ ਰਿਹਾ।

ਚੰਨ ਦੀ ਰਿਸ਼ਮ ਰੇਸ਼ਮੀ ਵੇਖੋ ਆਣ ਖਲੀ,
ਮੈਂ ਨ੍ਹੇਰੇ ਵਿਚ ਮੋਮਬੱਤੀਆਂ ਸੀ ਟੋਲ ਰਿਹਾ।

ਸਫ਼ਰ ਤਾਂ ਲਗਦੈ ਲੰਮਾ ਗੁਫ਼ਾ ਹਨੇਰ ਭਰੀ,
ਸੰਭਲ ਕੇ ਚੱਲੀਏ ਮਨ ਦਾ ਦੀਵਾ ਡੋਲ ਰਿਹਾ।

ਬੇ-ਅਰਥਾ ਹੋ ਜਾਣਾ ਫ਼ਰਕ ਵੀ ਜਿਸਮਾਂ ਦਾ,
ਜੇ ਮਨ ਤੇ ਮਨ ਦਾ ਰਿਸ਼ਤਾ ਸਮਤੋਲ ਰਿਹਾ।

ਕਿਸ ਥਾਂ ਬੀਜੇ ਬੀਜ ਮੁਹੱਬਤ ਦਾ ਪੁੰਗਰੇ,
ਕਿੰਨੀ ਹੈ ਜ਼ਰਖੇਜ਼ ਉਹ ਮਿੱਟੀ ਫੋਲ ਰਿਹਾ।

ਕਿਤੇ ਨਾ ਮੁੱਕਦਾ ਜਾ ਕੇ ਕਿਸੇ ਵੀ ਮੰਜ਼ਿਲ 'ਤੇ,
ਪਿਆਰ ਦਾ ਰਿਸ਼ਤਾ ਲੰਮਾਂ ਤੇ ਬੱਸ ਗੋਲ ਰਿਹਾ।

ਜੇ ਉਹ ਪੁੰਗਰੇ ਫੈਲੇ ਤੇ ਖ਼ੁਸ਼ਬੂ ਵੰਡੇ,
ਤਾਂ ਸਮਝੋ ਉਹ ਬੀਬੇ ਦੇ ਸੀ ਕੋਲ ਰਿਹਾ।

•

## ਤੂੰ ਨਾ ਆਵੇਂ ਰੁਕਦੀ ਜਾਪੇ

ਤੂੰ ਨਾ ਆਵੇਂ ਰੁਕਦੀ ਜਾਪੇ ਇਸ ਦਿਲ ਦੀ ਧੜਕਣ।
ਤੂੰ ਆਵੇਂ ਤਾਂ ਤਪਦੀ ਲੋਹ ਤੇ ਕਣੀਆਂ ਜਿਉਂ ਬਰਸਣ।

ਰਹਾਂ ਢੂੰਡਦਾ ਨ੍ਹੇਰੇ ਵਿਚ ਵੀ ਨਕਸ਼ ਤੇਰੇ ਮੈਂ,
ਏਦਾਂ ਵੀ ਨਾ ਕਦੇ ਕਿਸੇ ਦੀਆਂ ਅੱਖਾਂ ਤਰਸਣ।

ਕਦੇ ਤਾਂ ਲੱਗੇ ਮਨ ਦਾ ਸ਼ੀਸ਼ਾ ਨਿਰਮਲ ਸਾਫ਼ ਜਿਹਾ,
ਕਦੇ-ਕਦੇ ਪਰ ਲਗਦਾ ਮੁੱਕੀ ਨਈਂ ਮਨ ਦੀ ਭਟਕਣ।

ਓਦੋਂ ਹੀ ਬਣ ਕੇ ਦਿਸੀਆਂ ਨੇ ਇਹ ਯਾਦਾਂ ਸਤਰੰਗੀਆਂ,
ਜਦੋਂ ਕਦੇ ਵੀ ਪਲਕਾਂ ਉੱਤੇ ਹੰਝੂ ਆ ਲਟਕਣ।

•

## ਬੇਸ਼ਕ ਲੰਮੇ ਕਾਲੇ ਹੋ ਗਏ

ਬੇਸ਼ਕ ਲੰਮੇ ਕਾਲੇ ਹੋ ਗਏ, ਉਮਰਾਂ ਦੇ ਪਰਛਾਵੇਂ,
ਫਿਰ ਵੀ ਲੱਭ ਚੱਲੀਏ, ਗੁੰਮੇ ਮਿੱਤਰਾਂ ਦੇ ਸਰਨਾਵੇਂ।

ਕਰ-ਕਰ ਯਾਦ ਸਮਾਂ ਜੋ ਲੰਘਿਆ, ਕਿਉਂ ਐਵੇਂ ਪਛਤਾਵੇਂ,
ਕਿਸ ਦੇ ਕਾਇਮ ਸਦਾ ਨੇ ਰਹਿੰਦੇ, ਪੈੜਾਂ ਤੇ ਪਰਛਾਵੇਂ।

ਹੁਣ ਨਾ ਅਸਾਂ ਨੇ ਮੁੜ ਕੇ ਆਉਣਾ, ਭਾਵੇਂ ਲੱਖ ਬੁਲਾਵੇਂ,
ਅਸਾਂ ਨਾ ਦੇਣਾ ਕੋਈ ਹੁੰਗਾਰਾ, ਸੌ ਖ਼ਤ ਲਿਖ-ਲਿਖ ਪਾਵੇਂ।

ਵੇਖੋ ਸਾਡਾ ਸਾਂਵਰੀਆ ਸੀ, ਕਿੰਨਾ ਰੰਗ ਰੰਗੀਲਾ,
ਸਾਨੂੰ ਦੇ ਕੇ ਸਿਖ਼ਰ ਦੁਪਹਿਰਾ, ਆਪ ਬਹਿ ਗਿਆ ਛਾਵੇਂ।

ਉਸ ਜਗ੍ਹਾ ਤਾਂ ਸਰਵਰ ਬਣਗੇ, ਡੂੰਘੇ ਦਰਦ ਭਰੇ,
ਵਹਿ-ਵਹਿ ਕੇ ਅੱਖੀਆਂ 'ਚੋਂ, ਅੱਥਰੂ ਡੁਲ੍ਹੇ ਜਿੰਨੀ ਥਾਵੇਂ।

ਤੂੰ ਤਾਂ ਜਾ ਕੇ ਛੁਪ ਕੇ ਬਹਿ ਗਿਓਂ, ਅਣਦੱਸੀ ਜਹੀ ਥਾਂ 'ਤੇ,
ਵੇਖਣ ਨੂੰ ਤੈਨੂੰ ਤਰਸਣ ਅੱਖੀਆਂ, ਕਦ ਆਵੇਂਗਾ ਸਾਵ੍ਹੇਂ।

ਦਿਲ ਟੁੱਟੇ ਤਾਂ ਕੀ-ਕੀ ਹੁੰਦੈ, ਤੈਨੂੰ ਕੀ ਸਮਝਾਵਾਂ,
ਆਪੇ ਲਗਜੂ ਪਤਾ ਜਦ, ਬੇਦਰਦਾਂ ਸੰਗ ਲਾਵੇਂ।

ਜੇਕਰ ਆਸ ਰਹੇ ਮੇਰੇ ਦਿਲ ਨੂੰ, ਮੁੜ-ਮੁੜ ਕੇ ਤੂੰ ਆਉਣਾ,
ਫਿਰ ਸ਼ਿਕਵਾ ਤੇ ਨਹੀਂ ਸ਼ਕਾਇਤ, ਲੱਖ ਵਾਰੀ ਤੂੰ ਜਾਵੇਂ।

ਅੱਗੇ ਦੀ ਅੱਗੇ ਵੇਖਾਂਗੇ, ਅੱਗਾਂ ਕਿਸ ਨੇ ਡਿੱਠਾ,
ਇਹ ਕਲਮ ਤਾਂ ਪੂਰਾ-ਪੂਰਾ, ਸੂਰਾ ਲੱਗਿਆ ਤੇਰੇ ਨਾਵੇਂ।

ਜਿਹੜੇ ਲਾ ਕੇ ਤੋੜ ਨਿਭਾਉਂਦੇ, ਰਿਸ਼ਤੇ ਦਿਲ ਵਾਲੇ,
ਬੀਬੇ ਵਰਗੇ ਬੰਦੇ ਅੱਜ ਕੱਲ੍ਹ, ਲੱਭਦੇ ਟਾਵੇਂ ਟਾਵੇਂ।

•

## ਕੌਣ ਮਾਣਦੈ ਭਲਾ

ਕੌਣ ਮਾਣਦੈ ਭਲਾ, ਨਪੱਤਰੇ ਰੁੱਖ ਦੀ ਛਾਵਾਂ ਨੂੰ।
ਤੁਰ ਜਾਂਦੇ ਨੇ ਛੱਡ ਕੇ, ਲੋਕੀਂ ਬੇਬਸ ਮਾਵਾਂ ਨੂੰ।

ਨੱਚ ਨਾ ਸਕਿਆ ਮੋਰ ਕਿ, ਜਿਹੜਾ ਮਿੱਟੀ ਦਾ ਬਣਿਆ,
ਦੋਸ਼ ਕੀ ਦਈਏ ਆਈਆਂ ਹੋਈਆਂ, ਘੋਰ ਘਟਾਵਾਂ ਨੂੰ।

ਜੋੜ-ਤੋੜ ਜਿਹਾ ਕਰਕੇ, ਹੱਥ ਬੇਗ਼ਾਨੇ ਦੇ ਦਿੰਦੇ,
ਧੀਆਂ ਤੋਰ ਨੇ ਦਿੰਦੇ ਜੀਕਣ, ਮੱਝੀਆਂ ਗਾਵਾਂ ਨੂੰ।

ਖਿੜ ਜਾਂਦੇ ਜਦ ਫੁੱਲ ਕਮਲ ਦੇ, ਰੌਣਕ ਲੱਗ ਜਾਂਦੀ,
ਚਿੱਕੜ-ਚੁੱਕੜ ਭੁੱਲਦਾ, ਆਪਣੇ ਹੇਠ ਤਲਾਵਾਂ ਨੂੰ।

ਮਨ ਵਿਚ ਨਹੀਂ ਮੁਹੱਬਤ, ਭਾਵੇਂ ਕਰੀਏ ਲੱਖ ਰਸਮਾਂ,
ਕੀ ਕਰਨੈ ਬਿਨ ਰੂਹ ਦੇ, ਇਹਨਾਂ ਫੇਰੇ ਲਾਵਾਂ ਨੂੰ।

ਆਪੇ ਹੀ ਲੱਭ ਲੈਂਦੇ ਜਾ ਕੇ, ਮੰਜ਼ਿਲ ਆਪਣੀ ਨੂੰ,
ਕੌਣ ਸਮੁੰਦਰ ਦਾ ਰਾਹ ਦੱਸਦਾ ਹੈ, ਦਰਿਆਵਾਂ ਨੂੰ।

ਝੁਲਸ ਜਾਣਗੇ ਅਜੇ ਨਾ ਉੱਗਣੇ, ਫੁੱਲ ਬੂਟੇ ਕਲੀਆਂ,
ਠਹਿਰ ਜ਼ਰਾ ਕੁ ਲੰਘ ਲੈਣ ਦੇ, ਗਰਮ ਹਵਾਵਾਂ ਨੂੰ।

ਕਿਹੜੇ-ਕਿਹੜੇ ਰਾਹੀਂ, ਲੰਘਿਆ ਸਾਡਾ ਸਾਂਵਰੀਆ,
ਪੁੱਛਦੇ-ਪੁੱਛਦੇ ਲੱਭ ਲਵਾਂਗੇ, ਉਹਨਾਂ ਰਾਹਵਾਂ ਨੂੰ।

ਫ਼ਸਲਾਂ ਦੀ ਥਾਂ ਉੱਗੇ ਖੇਤੀਂ, ਕੰਕਰੀਟਾਂ ਦੇ ਜੰਗਲ,
ਹੌਲੀ-ਹੌਲੀ ਖਾ ਗਏ ਵੇਖੋ, ਸ਼ਹਿਰ ਗਰਾਵਾਂ ਨੂੰ।

ਬੜਾ ਭਟਕਿਆ ਰੁਲਿਆ-ਖੁਲਿਆ, ਵੱਖ-ਵੱਖ ਥਾਵਾਂ ’ਤੇ
ਮੁੜ ਜਾ ‘ਬੀਬਾ’ ਹੁਣ ਤੂੰ, ਆਪਣੇ ਘਰ ਜਗਰਾਵਾਂ ਨੂੰ।

•

# ਕੰਮਕਾਰ ਤੋਂ ਹੋ ਕੇ ਵਿਹਲੇ

ਕੰਮਕਾਰ ਤੋਂ ਹੋ ਕੇ ਵਿਹਲੇ ਫੇਸ-ਬੁੱਕ ਨੂੰ ਖੋਲ੍ਹਾਂਗੇ।
ਟਿੱਚਰ ਬਾਜ਼ੀ, ਦੁੱਖ ਸੁੱਖ ਦਿਲ ਦੇ ਮਿੱਤਰਾਂ ਦੇ ਨਾਲ ਫੋਲਾਂਗੇ।

ਜੇ ਤਾਂ ਲੇਖਕ ਕਰ ਗਿਆ ਸੇਵਾ, ਕਰ ਦੇਵਾਂਗੇ ਖ਼ੁਸ਼ ਉਹਨੂੰ ਵੀ,
ਨਹੀਂ ਤਾਂ ਕਰਨੀ ਐਸੀ ਤੈਸੀ ਜਦ ਉਹਨੂੰ ਪੜਚੋਲਾਂਗੇ।

ਹੋ ਗਏ ਪੱਕੇ ਪੈਰੀਂ ਹੁਣ ਤਾਂ ਰਾਜਨੀਤੀ ਦੀ ਖੇਡ ਦੇ ਅੰਦਰ,
ਦੋ ਤਿੰਨ ਗੱਲਾਂ ਸੱਚੀਆਂ ਕਹਿ ਕੇ ਬਾਕੀ ਝੂਠ ਹੀ ਬੋਲਾਂਗੇ।

ਪਾ ਕੇ ਬਹਿ ਗਏ ਹੁਣ ਤਾਂ ਹੱਟੀਆਂ ਖ਼ੂਬ ਮੁਨਾਫ਼ਾ ਖੱਟਾਂਗੇ,
ਸੱਚਾ ਸੌਦਾ ਰਹਿ ਗਿਆ ਪਿੱਛੇ, ਹੁਣ ਤਾਂ ਕੁਫ਼ਰ ਹੀ ਤੋਲਾਂਗੇ।

ਲੋੜ ਪਈ ਜਦ ਦੇਖਾਂਗੇ ਫਿਰ ਕਿਹੜੀ ਧਿਰ ਦੀ ਧਿਰ ਬਣਨਾ ਹੈ,
ਲਾਭ ਹਾਨ ਜਿਹਾ ਨਿਰਖ-ਪਰਖ ਕੇ ਆਪਣੇ ਪੱਤੇ ਖੋਲ੍ਹਾਂਗੇ।

•

## ਅਜਬ ਹਾਦਸੇ ਹੋਏ ਬੀਬਾ

ਅਜਬ ਹਾਦਸੇ ਹੋਏ ਬੀਬਾ।
ਰੰਗ ਹੱਸੇ ਰੰਗ ਰੋਏ ਬੀਬਾ।

ਅੱਥਰੂ ਅੰਦਰੋ ਅੰਦਰੀ ਮੁੱਕੇ,
ਅੱਖੀਆਂ 'ਚੋਂ ਨਾ ਚੋਏ ਬੀਬਾ।

ਰੰਗ-ਬਰੰਗੀ ਦੁਨੀਆਂ ਅੰਦਰ,
ਹੋਏ ਵੀ ਅਣਹੋਏ ਬੀਬਾ।

ਸ਼ਾਇਦ ਕਦੇ ਉਹ ਪਰਤ ਹੀ ਆਵੇ,
ਬਾਰ ਕਦੇ ਨਾ ਢੋਏ ਬੀਬਾ।

ਸਾਰੀ ਉਮਰ ਉਡੀਕ ਤੇਰੀ ਵਿਚ,
ਪੱਬਾਂ ਭਾਰ ਖਲੋਏ ਬੀਬਾ।

ਕਦੇ ਨਾ ਉਗਿਆ ਪਿਆਰ ਦਾ ਬੂਟਾ,
ਖ਼ਾਲੀ ਰਹਿ ਗਏ ਟੋਏ ਬੀਬਾ।

ਦੁੱਖ ਬੜੇ ਹੀ ਸਾਂਭ ਕੇ ਰੱਖੇ,
ਫਿਰ ਵੀ ਭਿੱਜਗੇ ਕੋਏ ਬੀਬਾ।

ਕਿਥੇ ਗੁੰਮ ਗਏ ਪਿਆਰੇ ਦਿਨ ਉਹ,
ਮਰ ਜਾਣੇ 'ਤੇ ਮੋਏ ਬੀਬਾ।

ਅੱਗੇ ਰਾਤ ਕਹਿਰ ਦੀ ਆਉਣੀ,
ਤੁਰ ਚੱਲ ਲੋਏ ਲੋਏ ਬੀਬਾ।

•

## ਟੱਪੇ

- ਹੋਲੀ
  ਧੀਆਂ ਦੀ ਪੜ੍ਹਾਈ ਰੋਲ਼ ਕੇ
  ਨੈਣ ਨਕਸ਼ਾਂ ਦੀ ਲੱਗਦੀ ਬੋਲੀ।

- ਮਹੁਰਾ
  ਪੇਕੇ ਘਰੋਂ ਧੱਕੀਆਂ ਗਈਆਂ
  ਅੱਗੇ ਟਕਰੇ ਨਾ ਚੰਗੇ ਸੱਸ ਸਹੁਰਾ।

- ਸੋਏ
  ਤੇਰੇ ਬਿਨਾਂ ਇੰਜ ਬੀਤ ਗਏ
  ਜਿਵੇਂ ਨਾ ਜਿਊਂਦੇ ਨਾ ਮੋਏ।

- ਪਰਾਤਾਂ
  ਜ਼ਿੰਦਗੀ ਗੁਜ਼ਾਰ ਚਲੇ
  ਜਿਵੇਂ ਕੱਟੀਆਂ ਸਰਾਂ ਵਿਚ ਰਾਤਾਂ।

- ਬਾਹੀਆਂ
  ਛੱਡ ਵਿਚਕਾਰ ਗਿਉਂ
  ਅਸੀਂ ਤੋੜ ਤਕ ਲਾ ਕੇ ਨਿਭਾਈਆਂ।

- ਪੋਣੇ
  ਕੌਣ ਕੀਹਨੂੰ ਦਗ਼ਾ ਦੇ ਗਿਆ
  ਇਹ ਵੀ ਫ਼ੈਸਲੇ ਅੰਤ ਨੂੰ ਹੋਣੇ।

- ਪਟਾਰੀਆਂ
  ਸਾਡੇ ਪਰ ਕੁਤਰ ਗਿਉਂ
  ਆਪ ਜਾ ਬੈਠਾ ਉੱਚੀਆਂ ਅਟਾਰੀਆਂ।
- ਪੂਣੀ
  ਤੇਰੇ ਪਿੱਛੋਂ ਫ਼ੱਕਰਾਂ ਨੇ
  ਤੇਰੇ ਨਾਮ ਦੀ ਰਮਾ ਲਈ ਧੂਣੀ।
- ਮਾਵਾਂ
  ਉਮਰ ਗੁਜ਼ਾਰ ਲਈ
  ਲੈ ਕੇ ਝੂਠੀਆਂ-ਮੂਠੀਆਂ ਲਾਵਾਂ।
- ਪੋਟਾ
  ਰੱਬ ਭਾਵੇਂ ਜਾਨ ਕੱਢ ਲੇ
  ਹੋਏ ਯਾਰ ਨਾ ਕਿਸੇ ਦਾ ਖੋਟਾ।
- ਕੋਏ
  ਆਪਣੇ ਤਾਂ ਰੋਣੇ ਸੀ
  ਅਸੀਂ ਤੇਰੇ ਵੀ ਦੁੱਖੜੇ ਰੋਏ।
- ਕੀੜੀਆਂ
  ਪੁੱਤ ਪੋਤੇ ਸਾਂਭਦੀ ਫਿਰੇ
  ਉਹ ਮੇਰੀਆਂ ਮੁਕਾ ਕੇ ਪੀੜ੍ਹੀਆਂ।
- ਫੀਤਾ
  ਨੀਲੇ ਨਾਲ ਪੀਲਾ ਮਿਲਿਆ
  ਹਰੇ ਰੰਗ ਨੇ ਤਮਾਸ਼ਾ ਕੀਤਾ।

- ਚੋਇਆ
  ਲਾਲ ਪੀਲਾ ਯਾਰ ਬਣ ਗਏ
  ਰੰਗ ਕਿਨੂੰਆਂ ਵਰਗਾ ਹੋਇਆ।

- ਰੱਸੇ
  ਲਾਲ ਨੀਲੇ ਨੇ ਜੱਫ਼ੀ ਜਦ ਪਾਈ
  ਜਾਮਣੀ ਜਿਹੇ ਬਣ ਕੇ ਹੱਸੇ।

- ਲੀਰਾਂ
  ਪਹਿਲਾਂ ਇਥੇ ਕੈਦੋਂ ਜੰਮਦੇ
  ਪਿੱਛੇ ਜੰਮਦੀਆਂ ਆ ਕੇ ਹੀਰਾਂ।

- ਟੀਕੇ
  ਘਰ ਹੁੰਦੇ ਮਾਂ-ਪਿਓ ਨਾਲ
  ਭਾਈ ਭਾਬੀਆਂ ਤਾਂ ਹੋਣ ਸ਼ਰੀਕੇ।

- ਮਹਿੰਦੀ
  ਧੀ ਲੀਰੋ ਲੀਰ ਹੋ ਕੇ ਵੀ
  ਪੱਗ ਪਿਉ ਦੀ ਬਚਾਉਂਦੀ ਰਹਿੰਦੀ।

- ਡਾਲੀ
  ਕੋਰੀ ਉਮਰ ਦੀ ਚਾਦਰ ਹੈ
  ਚਾਰੇ ਕੰਨੀਆਂ ਨੇ ਖ਼ਾਲੀ।

- ਉਹ ਆਪਣਾ ਲਗਦਾ ਏ,
  ਉਹਨੂੰ ਕਿਵੇਂ ਵੱਖ ਕਰੀਏ
  ਸਾਡੇ ਸਾਹਾਂ 'ਚ ਵਗਦਾ ਏ।

- ਪਾਣੀ ਉਮਰ ਦਾ ਅੰਮ੍ਰਿਤ ਹੋਇਆ
  ਘੁਲੀ ਤਸਵੀਰ ਤੇਰੀ।

- ਤੂੰ ਤਾਂ ਸਾਨੂੰ ਪਿੱਠ ਦੇ ਗਇਉਂ
  ਅਸੀਂ ਦੁੱਖ ਕਵਿਤਾ ਨਾਲ ਫੋਲੇ।

- ਲੁੱਕ ਛਿਪ ਕੇ ਮੁਹੱਬਤ ਕੀਤੀ
  ਵਿਆਹ ਕੀਤਾ ਗੱਜ-ਵੱਜ ਕੇ।

- ਬੰਨ੍ਹ ਮਾਰ ਲਏ ਵਹਿਣਾ ਨੂੰ,
  ਸਾਡੇ ਦਰਿਆ ਰੁੱਸ'ਗੇ।

- ਹਰਾ ਰੰਗ ਵੀ ਇਥੋਂ ਮੁੱਕ ਜਾਣਾ
  ਨਦੀਆਂ ਸੁੱਕ ਚਲੀਆਂ।

- ਤੇਰੇ ਨਾਲ ਸੀ ਸਰੂ ਦੇ ਬੂਟੇ,
  ਤੇਰੇ ਬਿਨਾਂ ਕੱਖ ਨਾ ਰਹੇ।

- ਪਾਇਆ ਦੁੱਧ 'ਚ ਸੰਧੂਰੀ ਰੰਗ ਨੀ
  ਤੇਰੇ ਰੰਗਾ ਰੰਗ ਹੋ ਗਿਆ।

- ਚੁੰਨੀ ਪੱਗ ਦੇ ਇੱਕੋ ਜਿਹੇ ਰੰਗ ਨੂੰ
  ਦੁਨੀਆਂ ਦੇਖ ਕੇ ਹੱਸੇ।

- ਮੈਂ ਥਾਂ-ਥਾਂ ਕਾਲਖ਼ਾਂ ਵੰਡੀਆਂ
  ਬਖ਼ਸ਼ ਲਈਂ ਜੋਤਾਂ ਵਾਲੀਏ।

- ਬੀਬਾ ਜੰਮਿਆਂ ਤਾਂ ਮਿਲਣ ਵਧਾਈਆਂ
  ਅੱਧਾ ਜਦੋਂ ਸਾਉਣ ਲੰਘਿਆ।
- ਜਦੋਂ ਬੋਲੀਏ ਤਾਂ ਕਹੀਏ ਅਸੀਂ ਆਪਾਂ
  ਬਹੁਤਾ ਮੈਂ-ਮੈਂ ਨਾ ਕਰੀਂ।
- ਆ ਜਿਸਮਾਂ ਦਾ ਜਸ਼ਨ ਮਨਾਈਏ
  ਅੱਗ ਲੱਗੇ ਰੂਹਾਂ ਨੂੰ।
- ਤੇਰਾ ਹੱਸਣਾ ਅੰਬਾਂ ਦਾ ਰਸਣਾ
  ਰੱਬ ਕਿਤੇ ਲੁਕਦਾ ਫਿਰੇ।
- ਤੈਨੂੰ ਕਿਸ ਨੇ ਬਣਾਇਆ ਮੈਥੋਂ ਚੋਰੀ
  ਝੱਲਾ ਰੱਬ ਕੂਕਦਾ ਫਿਰੇ।
- ਸਾਨੂੰ ਬੇ-ਤਰਤੀਬਾ ਕਰ ਗਈ
  ਤਿਰਛੀ ਨਜ਼ਰ ਤੇਰੀ।
- ਅੰਤ ਮਰਜ਼ੀ ਤੂੰ ਆਪਣੀ ਪਗਾਉਣੀ,
  ਬਲ ਤੇਰੇ ਹੱਥ ਬਾ-ਬਲਾ।
- ਵੱਡਾ ਪਿੰਜ਼ਰਾ ਭਾਲਦੀ ਫਿਰਦੀ,
  ਖੁੱਲ੍ਹੇ ਆਸਮਾਨ ਤੋਂ ਡਰੇ।
- ਬਾਬੇ ਬਣਿਆਂ ਨੂੰ ਅੰਦਰੋਂ ਫੋਲੋ,
  ਵਾਸਨਾ ਦਾ ਲਾਵਾ ਰਿੱਝਦਾ।

- ਪਿਆਰ ਕਰਦੀ ਸਮੁੰਦਰੋਂ ਡੂੰਘਾ,
  ਉੱਤੋਂ-ਉੱਤੇ ਝੂਠ ਬੋਲਦੀ।

- ਤੇਰੇ ਪਿਆਰ ਦੀ ਭੱਠੀ ਨੂੰ ਤਾਅ ਕੇ
  ਨਜ਼ਮਾਂ ਕਸ਼ੀਦ ਕੀਤੀਆਂ।

- ਮਨ ਕਿਤੇ ਨਾ ਟਿਕਾਣੇ ਆਵੇ,
  ਖ਼ਾਹਸ਼ਾਂ ਬੇ-ਲਗਾਮ ਰੱਖੀਆਂ।

- ਬੰਦੇ ਮੇਲਦੀ ਰੂਹਾਂ ਦੇ ਹਾਣੀ,
  ਵਾਰੇ ਜਾਈਏ ਫੇਸਬੁੱਕ ਤੋਂ।

- ਮੁੱਲ ਪੈ ਗਿਆ ਜਿਸਮ ਦਾ ਤੇਰਾ,
  ਤੇ ਰੂਹ ਨੂੰ ਜੰਗਾਲ ਲੱਗਿਆ।

- ਮੂੰਹੋਂ ਬੋਲਦੇ ਰਾਮ-ਰਾਮ ਜਾਈਏ,
  ਕੱਛ ਵਿਚ ਰੱਖ ਛੁਰੀਆਂ।

- ਚੱਲ ਚੱਲੀਏ ਰੂਹਾਂ ਦੀ ਛਾਵੇਂ,
  ਜਿਸਮਾਂ ਦਾ ਸੇਕ ਬੁਰਾ।

- ਰੱਜ ਦਿੰਦੇ ਨੇ ਰੂਹਾਂ ਦੇ ਰਿਸ਼ਤੇ,
  ਜਿਸਮਾਂ ਦੀ ਭੁੱਖ ਹੈ ਬੁਰੀ।